@Qpatrika
@qaumipatrika punjabi
instagram.com/qaumipatrika

Largest Circulated

विश्व भर में सबसे ज्यादा पढ़ा जाने वाला

ਕੌਮੀ ਪਤ੍ਰਿਕਾ

Punjabi National Daily

Qaumi Patrika NO.1

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Monday, 23 September 2024

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਸੋਮਵਾਰ 23 ਸਤੰਬਰ 2024, 8 ਅੱਸੂ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 42, ਅੰਕ 318, qpatrika@gmail.com ਫੋਨ : 9971359517 www.qaumipatrika.org

‘ਆਪਣੀ ਪਾਰਟੀ’ ਨੇ ਮੁੰਤਜਿਰ ਮੋਹਿਉਦੀਨ ਖਿ?ਲਾਫ ਜਾਰੀ ਕੀਤਾ ਕਾਰਨ ਦੱਸੋ ਨੋਟਿਸ

ਸ਼੍ਰੀਨਗਰ 22 ਸਤੰਬਰ। ਆਪਣੀ ਪਾਰਟੀ ਨੇ ਜੰਮੂ ਕਸ਼ਮੀਰ ‘ਚ ਬਡਗਾਮ ਤੋਂ ਚੋਣ ਲੜ ਰਹੇ ਨੈਸ਼ਨਲ ਕਾਨਫਰੰਸ ਦੇ ਉੱਪ ਪ੍ਰਧਾਨ ਉਮਰ ਅਬਦੁੱਲਾ ਨੂੰ ਸਮਰਥਨ ਦੇਣ ਲਈ ਆਪਣੇ ਨੇਤਾ ਮੁੰਤਜਿ?ਰ ਮੋਹਿਉਦੀਨ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਹੈ। ਬਡਗਾਮ ਤੋਂ ਆਪਣੀ ਪਾਰਟੀ ਦੇ ਉਮੀਦਵਾਰ ਮੁੰਤਜਿ?ਰ ਪਹਿਲਾਂ ਤੋਂ ਹੀ ਆਪਣੀ ਉਮੀਦਵਾਰੀ ਵਾਪਸ ਲੈ ਚੁੱਕੇ ਹਨ। ਉਨ੍ਹਾਂ ਦੇ ਸ਼੍ਰੀ ਅਬਦੁੱਲਾ ਨਾਲ ਸ਼ਾਮਲ ਹੋਣ ਤੋਂ ਬਾਅਦ ਬਡਗਾਮ ਇਕ ਹਾਈ-ਪ੍ਰੋਫਾਈਲ ਚੋਣ ਖੇਤਰ ਬਣ ਗਿਆ ਹੈ। ਮੁੰਤਜਿ?ਰ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਵੋਟ ਵੰਡ ਤੋਂ ਬਚਣ ਲਈ ਉਨ੍ਹਾਂ ਨੇ ਆਪਣੀ ਉਮੀਦਵਾਰੀ ਵਾਪਸ ਲਈ ਅਤੇ ਜੇਕਰ ਉਮਰ ਅਬਦੁੱਲਾ ਬਡਗਾਮ

ਤੋਂ ਜਿੱਤਦੇ ਹਨ ਤਾਂ ਪਿਛਲੇ ਤਿੰਨ ਦਹਾਕਿਆਂ ਤੋਂ ਲੋਕਾਂ ਦੀਆਂ ਸਮੱਸਿਆਵਾਂ ਦਾ ਹੱਲ ਹੋ ਜਾਵੇਗਾ। ਆਪਣੀ ਪਾਰਟੀ ਨੇ ਮੁੰਤਜਿ?ਰ ਨੂੰ 48 ਘੰਟਿਆਂ ਅੰਦਰ ਉਮਰ ਅਬਦੁੱਲਾ ਦੇ ਸਮਰਥਨ ‘ਚ ਆਪਣੀ ਟਿੱਪਣੀ ਸਪੱਸ਼ਟ ਕਰਨ ਲਈ ਕਿਹਾ ਹੈ ਨਹੀਂ ਤਾਂ ਉਨ੍ਹਾਂ ਖਿ?ਲਾਫ ਅਨੁਸ਼ਾਸਨਾਤਮਕ ਕਾਰਵਾਈ ਕਰਨ ਦੀ ਚਿਤਾਵਨੀ ਦਿੱਤੀ ਹੈ। ਆਪਣੀ ਪਾਰਟੀ ਨੇ ਇਕ ਬਿਆਨ ‘ਚ ਕਿਹਾ ਕਿ ਮੁੰਤਜਿ?ਰ ਨੂੰ 48 ਘੰਟਿਆਂ ਅੰਦਰ ਪਾਰਟੀ ਦੀ ਅਗਵਾਈ ਦੇ ਸਾਹਮਣੇ ਆਪਣੀ ਟਿੱਪਣੀ ਸਪੱਸ਼ਟ ਕਰਨ ਦੀ ਅਪੀਲ ਕੀਤੀ ਗਈ ਹੈ, ਨਹੀਂ ਤਾਂ ਉਨ੍ਹਾਂ ਖਿ?ਲਾਫ ਅਨੁਸ਼ਾਸਨਾਤਮਕ ਕਾਰਵਾਈ ਕਰਨ ਦੀ ਚਿਤਾਵਨੀ ਦਿੱਤੀ ਹੈ।“

ਭਾਰਤ ਨੇ ਗਲੋਬਲ ਸਾਈਬਰ ਸੁਰੱਖਿਆ ਸੂਚਕ ਅੰਕ 2024 ’ਚ ਟੀਅਰ 1 ਦਾ ਦਰਜਾ ਕੀਤਾ ਹਾਸਲ : ਜੋਤੀਰਾਦਿੱਤਿਆ ਸਿੰਧੀਆ

ਜੈਤੋ, 22 ਸਤੰਬਰ। ਭਾਰਤ ਨੇ ਸਾਈਬਰ ਸੁਰੱਖਿਆ ਸੂਚਕ ਅੰਕ ’ਚ ਇਕ ਮਹੱਤਵਪਰਨ ਉਪਲੱਬਧੀ ਹਾਸਲ ਕੀਤੀ ਹੈ, ਜਿਸ ’ਚ ਗਲੋਬਲ ਸਾਈਬਰ ਸੁਰੱਖਿਆ ਇੰਡੈਕਸ (ਜੀ. ਆਈ. ਸੀ.) 2024 ’ਚ ਟਾਪ ਟੀਅਰ ਭਾਵ ਟੀਅਰ 1 ਦਾ ਦਰਜਾ ਹਾਸਲ ਕੀਤਾ ਹੈ, ਜੋ ਅੰਤਰਰਾਸਟਰੀ ਦੂਰਸੰਚਾਰ ਸੰਘ (ਆਈ. ਟੀ. ਯੂ.) ਵੱਲੋਂ ਪ੍ਰਕਾਸ਼ਿਤ ਕੀਤਾ ਗਿਆ ਹੈ। 100 ’ਚੋਂ ਸਾਨਦਾਰ ਸਕੋਰ 98.49

ਦੇ ਨਾਲ ਭਾਰਤ ‘ਰੋਲ ਮਾਡਲਿੰਗ’ ਦੇਸਾਂ ਦੀ ਸ਼੍ਰੇਣੀ ’ਚ ਸਾਮਲ ਹੋ ਗਿਆ ਹੈ, ਜੋ ਵਿਸਵ ਪੱਧਰ ’ਤੇ ਸਾਈਬਰ ਸੁਰੱਖਿਆ ਯਤਨਾਂ ਪ੍ਰਤੀ ਮਜਬੂਤ ਵਚਨਬੱਧਤਾ ਨੂੰ ਦਰਸਾਉਂਦਾ ਹੈ। ਦੂਰਸੰਚਾਰ ਵਿਭਾਗ (ਡੀ. ਓ. ਟੀ.) ਨੇ ਗਲੋਬਲ ਸਾਈਬਰ ਸੁਰੱਖਿਆ ਸੂਚਕ ਅੰਕ (ਜੀ. ਆਈ. ਸੀ.) 2024 ’ਚ ਭਾਰਤ ਦੀ ਨੁਮਾਇੰਦਗੀ ਕਰਨ ਵਾਲੀ ਨੋਡਲ ਏਜੰਸੀ ਵਜੋਂ ਮਹੱਤਵਪੂਰਨ ਭੂਮਿਕਾ ਨਿਭਾਈ। ਮਾਣਯੋਗ ਸੰਚਾਰ ਮੰਤਰੀ ਸ੍ਰੀ ਜੋਤੀਰਾਦਿੱਤਿਆ ਐੱਮ. ਸਿੰਧੀਆ ਨੇ ਇਸ ਪ੍ਰਾਪਤੀ ਨੂੰ ਭਾਰਤ ਲਈ ਮਾਣ ਵਾਲਾ ਪਲ ਦੱਸਿਆ। ਉਨ੍ਹਾਂ ਕਿਹਾ, “ਇਹ ਸਾਨਦਾਰ ਪ੍ਰਾਪਤੀ ਸਾਈਬਰ ਸੁਰੱਖਿਆ ਪ੍ਰਤੀ ਸਾਡੀ ਅਟੁੱਟ ਵਚਨਬੱਧਤਾ ਨੂੰ ਦਰਸਾਉਂਦੀ ਹੈ ਅਤੇ ਭਾਰਤ ਦੇ ਦੂਰਸੰਚਾਰ ਖੇਤਰ ਦੀ ਸਾਨਦਾਰ ਵਿਕਾਸ ਨੂੰ ਉਜਾਗਰ ਕਰਦੀ ਹੈ।”

ਸਿਆਸਤ ’ਚ ਹਰ ਗੱਲ ਦਿਲ ਨੂੰ ਨਹੀਂ ਲਾਈ ਜਾ ਸਕਦੀ: ਸੁਪਰੀਮ ਕੋਰਟ

ਨਵੀਂ ਦਿੱਲੀ 22 ਸਤੰਬਰ। ਸੁਪਰੀਮ ਕੋਰਟ ਨੇ ਕਿਹਾ ਹੈ ਕਿ ਸਿਆਸਤ ’ਚ ‘ਹਰ ਗਲ ਦਿਲ ਨੂੰ ਨਹੀਂ ਲਾਈ ਜਾ ਸਕਦੀ। ਕੇਂਦਰੀ ਸੂਚਨਾ ਤੇ ਪ੍ਰਸਾਰਣ ਰਾਜ ਮੰਤਰੀ ਐੱਲ. ਮੁਰੂਗਨ ਵਿਰੁੱਧ ਅਪਰਾਧਿਕ ਮਾਣਹਾਨੀ ਦੇ ਮਾਮਲੇ ’ਚ ਸ਼ੁਰੂ ਕੀਤੀ ਗਈ ਕਾਰਵਾਈ ਨੂੰ ਲੈ ਕੇ ਉਨ੍ਹਾਂ ਦੀ ਪਟੀਸਨ ‘ਤੇ ਸੁਣਵਾਈ ਕਰਦਿਆਂ ਸੁਪਰੀਮ ਕੋਰਟ ਨੇ ਕਿਹਾ ਕਿ ਮੁਰੂਗਨ ਨੇ ਪਿਛਲੇ ਸਾਲ ਮਦਰਾਸ ਹਾਈ ਕੋਰਟ ਦੇ ਹੁਕਮ ਨੂੰ ਚੁਣੌਤੀ ਦਿੰਦੇ ਹੋਏ ਸੁਪਰੀਮ ਕੋਰਟ ਤਕ ਪਹੁੰਚ ਕੀਤੀ ਸੀ। ਹਾਈ ਕੋਰਟ ਨੇ ਮੁਰੂਗਨ ਦੇ ਮਾਣਹਾਨੀ ਵਾਲੇ ਬਿਆਨਾਂ ਨੂੰ ਲੈ ਕੇ ਚੇਨਈ ਸਥਿਤ ‘ਮੁਰਾਸੋਲੀ ਟਰੱਸਟ’ ਵੱਲੋਂ ਦਾਇਰ ਸਿ?ਕਾਇਤ ’ਤੇ ਮੁਰੂਗਨ ਵਿਰੁੱਧ ਕਾਰਵਾਈ ਨੂੰ ਰੱਦ ਕਰਨ ਤੋਂ ਇਨਕਾਰ ਕਰ ਦਿੱਤਾ ਸੀ।

ਕੇਜਰੀਵਾਲ ਨੇ ਪ੍ਰਧਾਨ ਮੰਤਰੀ ਮੋਦੀ ‘ਤੇ ਵਿੰਨ੍ਹਿਆ ਨਿਸ਼ਾਨਾ, ਰਾਸ਼ਟਰੀ ਸਵੈਮ ਸੇਵਕ ਸੰਘ ਤੋਂ ਪੁੱਛੇ 5 ਸਵਾਲ

ਸਿੰਮੀ ਕੌਰ ਬੱਬਰ

ਨਵੀਂ ਦਿੱਲੀ 22 ਸਤੰਬਰ। ਆਮ ਆਦਮੀ ਪਾਰਟੀ (ਆਪ) ਦੇ ਮੁਖੀ ਅਰਵਿੰਦ ਕੇਜਰੀਵਾਲ ਨੇ ਐਤਵਾਰ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ‘ਤੇ ਨਿਸਾਨਾ ਵਿੰਨ੍ਹਿਆ ਅਤੇ ਨੂੰ ਪੁੱਛਿਆ ਕਿ ਕੀ ਉਹ ਕੇਂਦਰੀ ਏਜੰਸੀਆਂ ਦੀ ਵਰਤੋਂ ਸਿਆਸੀ ਪਾਰਟੀਆਂ ਨੂੰ ਤੋੜਨ, ਵਿਰੋਧੀ ਸਰਕਾਰਾਂ ਨੂੰ ਡੇਗਣ ਅਤੇ ‘ਭ੍ਰਿਸਟ’ ਨੇਤਾਵਾਂ ਨੂੰ ਆਪਣੇ ਪਾਲੇ ਵਿਚ ਕਰਨ ਦੀ ਭਾਜਪਾ ਦੀ ਸਿਆਸਤ ਤੋਂ ਸਹਿਮਤ ਹੈ? ਦਿੱਲੀ ਦੇ ਮੁੱਖ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇਣ ਤੋਂ ਬਾਅਦ ਜੰਤਰ-ਮੰਤਰ ਵਿਖੇ ਆਪਣੀ ਪਹਿਲੀ ਜਨਤਕ ਰੈਲੀ ‘ਜਨਤਾ ਦੀ ਅਦਾਲਤ’ ਵਿਚ ਕੇਜਰੀਵਾਲ ਨੇ ਰਾਸਟਰੀ ਸਵੈਮ ਸੇਵਕ ਸੰਘ () ਦੇ ਮੁਖੀ ਮੋਹਨ ਭਾਗਵਤ ਨੂੰ ਪੰਜ ਸਵਾਲ ਪੁੱਛੇ, ਜਿਨ੍ਹਾਂ ‘ਚੋਂ ਇਕ ਸਵਾਲ ਇਹ ਵੀ ਸੀ ਕਿ ਕੀ ਸੇਵਾਮੁਕਤ ਦੀ ਉਮਰ ਨਾਲ ਸਬੰਧਤ ਭਾਜਪਾ ਦਾ ਨਿਯਮ ਪ੍ਰਧਾਨ ਮੰਤਰੀ ਮੋਦੀ ‘ਤੇ ਵੀ ਲਾਗੂ ਹੁੰਦਾ ਹੈ, ਜਿਵੇਂ ਕਿ ਲਾਲ ਕ੍ਰਿਸ਼ਨ ਅਡਵਾਨੀ ‘ਤੇ ਲਾਗੂ ਹੋਇਆ

ਸੀ। ਉਨ੍ਹਾਂ ਨੇ ਭਾਗਵਤ ਨੂੰ ਪੁੱਛਿਆ ਕਿ ਕੀ ਉਹ ਭਾਜਪਾ ਦੀ ਸਿਆਸੀ ਨੇਤਾਵਾਂ ਨੂੰ ‘ਭ੍ਰਿਸਟ’ ਕਹਿਣ ਅਤੇ ਫਿਰ ਉਨ੍ਹਾਂ ਨੂੰ ਆਪਣੇ ਪਾਲੇ ‘ਚ ਸਾਮਲ ਕਰਨ ਦੀ ਸਿਆਸਤ ਨਾਲ ਸਹਿਮਤ ਹਨ। ਕੇਜਰੀਵਾਲ ਨੇ ਇਕ ਹੋਰ ਸਵਾਲ ਵਿਚ ਭਾਗਵਤ ਤੋਂ ਪੁੱਛਿਆ ਕਿ ਜਦੋਂ ਭਾਜਪਾ ਮੁਖੀ ਜੇ. ਪੀ. ਨੱਢਾ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਨੂੰ ਆਪਣੇ ਵਿਚਾਰਕ ਮਾਰਗਦਰਸ਼ਕ ਦੀ ਜਰੂਰਤ ਨਹੀਂ ਹੈ ਤਾਂ ਉਨ੍ਹਾਂ ਨੂੰ ਕਿਵੇਂ ਦਾ ਲੱਗਾ? ਦੱਸਣਯੋਗ ਹੈ ਕਿ ਆਬਕਾਰੀ ਨੀਤੀ ਮਾਮਲੇ ਵਿਚ 5 ਮਹੀਨੇ ਤੋਂ ਵੱਧ ਸਮੇਂ ਤੱਕ ਜੇਲ੍ਹ ਵਿਚ ਰਹਿਣ ਮਗਰੋਂ 13 ਸਤੰਬਰ ਨੂੰ ਤਿਹਾੜ ਜੇਲ੍ਹ ‘ਚੋਂ ਜਮਾਨਤ ‘ਤੇ ਰਿਹਾਅ ਹੋਏ ਕੇਜਰੀਵਾਲ ਨੇ ਕਿਹਾ ਕਿ ਉਹ ਦੇਸ਼ ਦੀ ਸੇਵਾ ਕਰਨ ਲਈ ਸਿਆਸਤ ਵਿਚ ਆਏ ਹਨ, ਨਾ ਕਿ ਕਿਸੇ ਸੱਤਾ ਜਾਂ ਅਹੁਦੇ ਦੇ ਲਾਲਚ ਵਿਚ।

ਕਿਸਾਨ ਅੰਦੋਲਨ ‘ਚ ਜਾਨ ਗਵਾਉਣ ਵਾਲੇ ਕਿਸਾਨਾਂ ਦੇ ਵਾਰਸਾਂ ਲਈ ਮਾਨ ਸਰਕਾਰ ਦਾ ਵੱਡਾ ਐਲਾਨ

ਚੰਡੀਗੜ੍ਹ 22 ਸਤੰਬਰ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਕਾਲੇ ਖੇਤੀ ਕਾਨੂੰਨਾਂ ਖਿ?ਲਾਫ ਸੰਘਰਸ ਦੌਰਾਨ ਸਹਾਦਤ ਪਾਉਣ ਵਾਲੇ ਕਿਸਾਨਾਂ ਦੀ ਬਾਂਹ ਫੜ੍ਹਦਿਆਂ ਅੱਜ ਸੂਬੇ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਸਹੀਦ ਕਿਸਾਨਾਂ ਦੇ 30 ਵਾਰਸਾਂ ਨੂੰ ਨਿਯੁਕਤੀ ਪੱਤਰ ਸੌਂਪੇ ਹਨ। ਇਨ੍ਹਾਂ ਵਿਚੋਂ 25 ਜਣਿਆਂ ਨੂੰ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵਿਚ ਕਲਰਕ ਅਤੇ ਪੰਜ ਨੂੰ ਸੇਵਾਦਾਰ ਵਜੋਂ ਨਿਯੁਕਤੀ ਪੱਤਰ ਮਿਲੇ ਹਨ। ਇਨ੍ਹਾਂ ਤੋਂ ਇਲਾਵਾ ਪਸੂ ਪਾਲਣ ਵਿਭਾਗ ਵਿਚ ਦੋ ਵੈਟਰਨਰੀ ਇੰਸਪੈਕਟਰਾਂ ਅਤੇ ਚਾਰ ਕਲਰਕਾਂ, ਜਿਨ੍ਹਾਂ ਵਿਚੋਂ ਤਿੰਨ ਕਲਰਕਾਂ ਨੂੰ ਤਰਸ ਦੇ ਆਧਾਰ ਉਤੇ ਨੌਕਰੀ ਮਿਲੀ ਹੈ, ਤੋਂ ਇਲਾਵਾ ਡੇਅਰੀ ਵਿਕਾਸ ਵਿਭਾਗ ਵਿੱਚ ਦੋ ਸਟੈਨੋਗ੍ਰਾਫਰਾਂ ਨੂੰ ਨਿਯੁਕਤੀ ਪੱਤਰ ਦਿੱਤੇ ਗਏ ਹਨ। ਗੁਰਮੀਤ ਸਿੰਘ ਖੁੱਡੀਆਂ ਨੇ ਨਵ-ਨਿਯੁਕਤ ਮੁਲਾਜ਼ਮਾਂ ਨੂੰ ਵਧਾਈ ਦਿੰਦਿਆਂ ਪੰਜਾਬ ਦੇ ਵਿਕਾਸ ਅਤੇ ਸੂਬੇ ਦੇ ਲੋਕਾਂ ਨੂੰ ਪਾਰਦਰਸੀ ਅਤੇ ਸੁਚਾਰੂ ਢੰਗ ਨਾਲ ਸੇਵਾਵਾਂ ਪ੍ਰਦਾਨ ਕਰਨ ਲਈ ਪੂਰੀ ਇਮਾਨਦਾਰੀ ਨਾਲ ਕੰਮ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਨੌਜਵਾਨਾਂ ਨੂੰ ਹੁਣ ਤੱਕ ਵੱਖ-ਵੱਖ ਵਿਭਾਗਾਂ ਵਿਚ 44,974 ਸਰਕਾਰੀ ਨੌਕਰੀਆਂ ਪ੍ਰਦਾਨ ਕੀਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਇਹ ਭਰਤੀ ਨਿਰੋਲ ਮੈਰਿਟ ਦੇ ਆਧਾਰ ਉਤੇ ਪਾਰਦਰਸੀ ਢੰਗ ਨਾਲ ਕੀਤੀ ਗਈ ਹੈ। ਇਸ ਮੌਕੇ ਖੇਤੀਬਾੜੀ ਵਿਭਾਗ ਦੇ ਡਾਇਰੈਕਟਰ ਜਸਵੰਤ ਸਿੰਘ, ਡੇਅਰੀ ਵਿਕਾਸ ਵਿਭਾਗ ਦੇ ਡਾਇਰੈਕਟਰ ਕੁਲਦੀਪ ਸਿੰਘ ਅਤੇ ਹੋਰ ਅਧਿਕਾਰੀ ਵੀ ਮੌਜੂਦ ਸਨ।

ਯੂਨੀਸੇਫ ਨੇ ਬੰਗਾਲ ਦੀਆਂ ਸਮਾਜ ਭਲਾਈ ਸਕੀਮਾਂ ਦੀ ਕੀਤੀ ਸਲਾਘਾ: ਮਮਤਾ

ਕੋਲਕਾਤਾ 22 ਸਤੰਬਰ। ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਐਤਵਾਰ ਨੂੰ ਕਿਹਾ ਕਿ ਸੰਯੁਕਤ ਰਾਸਟਰ ਬਾਲ ਫੰਡ (ਯੂਨੀਸੇਫ) ਨੇ ਰਾਜ ਦੀਆਂ ਸਮਾਜ ਭਲਾਈ ਸਕੀਮਾਂ ਦੀ ਸਲਾਘਾ ਕੀਤੀ ਹੈ। ਮਮਤਾ ਬੈਨਰਜੀ ਨੇ ਸੋਸਲ ਮੀਡੀਆ ਪਲੇਟਫਾਰਮ ‘ਐਕਸ’ ‘ਤੇ ਲਿਖਿਆ, “ਮੈਨੂੰ ਇਹ ਦੱਸਦੇ ਬਹੁਤ ਖੁਸੀ ਹੋ ਰਹੀ ਹੈ ਕਿ ਸਾਡੀ ਪੱਛਮੀ ਬੰਗਾਲ ਸਰਕਾਰ ਦੀਆਂ ਸਮਾਜ ਭਲਾਈ ਸਕੀਮਾਂ ਦੀ ਯੂਨੀਸੈਫ ਦੁਆਰਾ ਫਿਰ ਤੋਂ ਪ੍ਰਸੰਸਾ ਕੀਤੀ ਗਈ ਹੈ। ‘ਇੰਪੈਕਟ ਈਸਟ 2024’ ਕਾਨਫਰੰਸ ਵਿੱਚ, ਯੂਨੀਸੈਫ ਦੇ ਇੱਕ ਉੱਚ ਅਧਿਕਾਰੀ ਨੇ ‘ਕੰਨਿਆਸ੍ਰੀ’ ਅਤੇ ‘ਰੂਪਸ੍ਰੀ’ ਵਰਗੀਆਂ ਸਾਡੀਆਂ ਯੋਜਨਾਵਾਂ ਦੀ ਸਲਾਘਾ ਕੀਤੀ ਅਤੇ ਕਿਹਾ ਕਿ ਇਹ ਰਾਜ ਦੇ ਸਮਾਜਿਕ ਉੱਨਤੀ ਵਿੱਚ ਮਹੱਤਵਪੂਰਨ ਹਨ।“ ਉਹਨਾਂ ਕਿਹਾ, “ਸਮਾਜ ਵਿੱਚ ਸਾਡੀ ਪਹੁੰਚ ਅਤੇ ਜੀਵਨ ਨੂੰ ਬਦਲਣ ਵਾਲੇ ਪ੍ਰਭਾਵਸਾਲੀ ਭਲਾਈ ਪ੍ਰੋਗਰਾਮਾਂ ਨੂੰ ਅੰਤਰਰਾਸਟਰੀ ਪੱਧਰ ‘ਤੇ ਪ੍ਰਸੰਸਾ ਮਿਲਦੀ ਰਹਿੰਦੀ ਹੈ।“ ਪੱਛਮੀ ਬੰਗਾਲ ਸਰਕਾਰ ਦੀ ‘ਕੰਨਿਆਸ੍ਰੀ ਸਕੀਮ’ ਇੱਕ ਸਰਤੀਆ ਨਕਦ ਟ੍ਰਾਂਸਫਰ ਸਕੀਮ ਹੈ, ਜਿਸਦਾ ਉਦੇਸ ਸਾਰੀਆਂ ਕਿਸੋਰ ਲੜਕੀਆਂ ਨੂੰ ਸਕੂਲੀ ਪੜ੍ਹਾਈ ਕਰਨ ਲਈ ਉਤਸਾਹਿਤ ਕਰਨਾ ਅਤੇ 18 ਸਾਲ ਦੀ ਉਮਰ ਤੱਕ ਉਹਨਾਂ ਦਾ ਵਿਆਹ ਮੁਲਤਵੀ ਕਰਕੇ ਪੱਛਮੀ ਬੰਗਾਲ ਵਿੱਚ ਲੜਕੀਆਂ ਦੀ ਸਥਿਤੀ ਵਿੱਚ ਸੁਧਾਰ ਕਰਨਾ ਅਤੇ ਉਨ੍ਹਾਂ ਦੀ ਭਲਾਈ ਨੂੰ ਯਕੀਨੀ ਬਣਾਉਣਾ ਹੈ। ‘ਰੂਪਸ੍ਰੀ ਸਕੀਮ’ ਤਹਿਤ ਆਰਥਿਕ ਤੌਰ ‘ਤੇ ਪਛੜੇ ਪਰਿਵਾਰਾਂ ਨੂੰ ਉਨ੍ਹਾਂ ਦੀਆਂ ਧੀਆਂ ਦੇ ਵਿਆਹ ਵਿਚ ਸਹਾਇਤਾ ਪ੍ਰਦਾਨ ਕਰਨ ਲਈ ਇਕਮੁਸਤ ਵਿੱਤੀ ਗ੍ਰਾਂਟ ਦਿੱਤੀ ਜਾਂਦੀ ਹੈ।

ਸੋਧੇ ਆਈ. ਟੀ. ਨਿਯਮ ਗੈਰ-ਸੰਵਿਧਾਨਕ ਕਰਾਰ, ਬੰਬੇ ਹਾਈ ਕੋਰਟ ਨੇ ਕੀਤਾ ਰੱਦ

ਏਜੰਸੀਆਂ

ਮੁੰਬਈ, 22 ਸਤੰਬਰ। ਬੰਬੇ ਹਾਈ ਕੋਰਟ ਨੇ ਸਰਕਾਰ ਖਿਲਾਫ ਸੋਸ਼ਲ ਮੀਡੀਆ ’ਤੇ ਫਰਜੀ ਖਬਰਾਂ ਦਾ ਪਤਾ ਲਾਉਣ ਦੀ ਵਿਵਸਥਾ ਕਰਨ ਵਾਲੇ ਸੋਧੇ ਸੂਚਨਾ ਤਕਨੀਕੀ (ਆਈ. ਟੀ.) ਨਿਯਮਾਂ ਨੂੰ ਸ਼ੁੱਕਰਵਾਰ ਨੂੰ ਗੈਰ-ਸੰਵਿਧਾਨਕ ਕਰਾਰ ਦਿੰਦੇ ਹੋਏ ਰੱਦ ਕਰ ਦਿੱਤਾ। ਜਨਵਰੀ ’ਚ ਇਕ ਡਵੀਜਨ ਬੈਂਚ ਨੇ ਸੋਧੇ ਆਈ. ਟੀ. ਨਿਯਮਾਂ ਨੂੰ ਚੁਣੌਤੀ ਦੇਣ ਵਾਲੀਆਂ ਪਟੀਸ਼ਨਾਂ ’ਤੇ ਵੰਡਵਾਂ ਫ਼ੈਸਲਾ ਦਿੱਤਾ ਸੀ, ਜਿਸ ਤੋਂ ਬਾਅਦ ਇਕ ਸਿੱਟੇ ਤੱਕ ਪੁੱਜਣ ਲਈ ਜਸਟਿਸ ਏ. ਐੱਸ. ਚੰਦੁਰਕਰ ਕੋਲ ਇਸ ਮਾਮਲੇ ਨੂੰ ਭੇਜਿਆ ਗਿਆ ਸੀ। ਜਸਟਿਸ ਚੰਦੁਰਕਰ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਇਹ ਨਿਯਮ ਸੰਵਿਧਾਨਕ ਵਿਵਸਥਾਵਾਂ ਦੀ ਉਲੰਘਣਾ ਕਰਦੇ ਹਨ। ਜੱਜ ਨੇ ਕਿਹਾ ਕਿ ਮੈਂ ਇਸ ਮਾਮਲੇ ’ਤੇ ਡੂੰਘਾਈ ਨਾਲ ਵਿਚਾਰ ਕੀਤਾ ਹੈ। ਵਿਵਾਦਪੂਰਨ ਨਿਯਮ ਸੰਵਿਧਾਨ ਦੀ ਧਾਰਾ 14 (ਬਰਾਬਰੀ ਦਾ ਅਧਿਕਾਰ), 19 (ਬੋਲਣ ਅਤੇ ਪ੍ਰਗਟਾਵੇ ਦੀ ਆਜਾਦੀ) ਅਤੇ 19 (1) (ਜੀ) (ਪੇਸ਼ੇ ਦੀ ਆਜਾਦੀ ਅਤੇ ਅਧਿਕਾਰ) ਦੀ ਉਲੰਘਣਾ ਕਰਦੇ ਹਨ। ਉਨ੍ਹਾਂ ਕਿਹਾ ਕਿ ਨਿਯਮਾਂ ’ਚ ‘ਫਰਜੀ, ਝੂਠਾ ਅਤੇ ਗੁੰਮਰਾਹਕੁੰਨ’ ਸਬਦ ਕਿਸੇ ਪਰਿਭਾਸਾ ਦੀ ਅਣਹੋਂਦ ’ਚ ‘ਅਸਪੱਸਟ ਅਤੇ ਇਸ ਤਰ੍ਹਾਂ ਗਲਤ’ ਹੈ। ਇਸ ਫੈਸਲੇ ਨਾਲ ਹਾਈ ਕੋਰਟ ਨੇ ਕਾਮੇਡੀ ਕਲਾਕਾਰ ਕੁਣਾਲ ਕਾਮਰਾ ਅਤੇ ਹੋਰਨਾਂ ਵੱਲੋਂ ਨਵੇਂ ਨਿਯਮਾਂ ਨੂੰ ਚੁਣੌਤੀ ਦੇਣ ਵਾਲੀਆਂ ਪਟੀਸ਼ਨਾਂ ਨੂੰ ਸਵੀਕਾਰ ਕਰ ਲਿਆ। ਇਨ੍ਹਾਂ ਨਿਯਮਾਂ ’ਚ ਸਰਕਾਰ ਬਾਰੇ ਫਰਜੀ ਜਾਂ ਝੂਠੀ ਸਮੱਗਰੀ ਦੀ



ਪਛਾਣ ਕਰਨ ਲਈ ਇਕ ਫੈਕਟ ਚੈੱਕ ਯੂਨਿਟ (ਐੱਫ. ਸੀ. ਯੂ.) ਸਥਾਪਤ ਕਰਨ ਦੀ ਵਿਵਸਥਾ ਵੀ ਸ਼ਾਮਲ ਹੈ। ਅਦਾਲਤ ਨੇ ਫੈਕਟ ਚੈੱਕ ਯੂਨਿਟ ਨੂੰ ਖਾਰਿਜ ਕੀਤਾ ਹੈ। ਜਨਵਰੀ ’ਚ ਜਸਟਿਸ ਗੌਤਮ ਪਟੇਲ ਅਤੇ ਐੱਨ. ਗੋਖਲੇ ਦੀ ਡਵੀਜਨ ਬੈਂਚ ਵੱਲੋਂ ਵੰਡਵਾਂ ਫੈਸਲਾ ਸੁਣਾਏ ਜਾਣ ਤੋਂ ਬਾਅਦ ਆਈ. ਟੀ. ਨਿਯਮਾਂ ਖਿਲਾਫ ਪਟੀਸ਼ਨਾਂ ਜਸਟਿਸ ਚੰਦੁਰਕਰ ਕੋਲ ਭੇਜ ਦਿੱਤੀਆਂ ਗਈਆਂ ਸਨ। ਜਸਟਿਸ ਪਟੇਲ ਨੇ ਕਿਹਾ ਸੀ ਕਿ ਇਹ ਨਿਯਮ ‘ਸੈਂਸਰਸ਼ਿਪ’ ਵਰਗੇ ਹਨ ਪਰ ਜਸਟਿਸ ਗੋਖਲੇ ਨੇ ਕਿਹਾ ਸੀ ਕਿ ਇਨ੍ਹਾਂ ਦਾ ਪ੍ਰਗਟਾਵੇ ਦੀ ਆਜਾਦੀ ’ਤੇ ਕੋਈ ਅਸਰ ਨਹੀਂ ਪੈਂਦਾ ਹੈ। ਜਸਟਿਸ ਚੰਦੁਰਕਰ ਨੇ ਸ਼ੁੱ

ਜਲੰਧਰ ਇੰਪਰੂਵਮੈਂਟ ਟਰੱਸਟ ਨੇ ਫਲੈਟ ਅਲਾਟਮੈਂਟ 'ਚ ਨਹੀਂ ਕੀਤੀ ਨਿਯਮਾਂ ਦੀ ਪਾਲਣਾ, ਦੇਣਾ ਪਵੇਗਾ ਮੋਟਾ ਜੁਰਮਾਨਾ

ਨਵੀਂ ਦਿੱਲੀ 22 ਸਤੰਬਰ। ਜ਼ਿਲ੍ਹਾ ਖਪਤਕਾਰ ਝਗੜਾ ਨਿਵਾਰਨ ਕਮਿਸਨ ਨੇ ਫਲੈਟ ਦੀ ਅਲਾਟਮੈਂਟ ਸ਼ਰਤਾਂ ਅਤੇ ਨਿਯਮਾਂ ਮੁਤਾਬਕ ਨਾ ਕਰਨ ਦੇ ਦੋਸ਼ ਵਿਚ ਜਲੰਧਰ ਇੰਪਰੂਵਮੈਂਟ ਟਰੱਸਟ ਨੂੰ ਦੋਸ਼ੀ ਠਹਿਰਾਇਆ ਹੈ। ਉਭੋਗਤਾ ਫੋਰਮ ਨੇ ਨੂੰ 4,26,769/- ਰੁਪਏ 9 ਫੀਸਦੀ ਦੀ ਸਲਾਨਾ ਵਿਆਜ ਦਰ ਨਾਲ ਭੁਗਤਾਨ ਕਰਨ , ਮਾਨਸਿਕ ਪੀੜਾ ਅਤੇ ਪਰੇਸਾਨੀ ਲਈ ਮੁਆਵਜੇ ਦੇ ਰੂਪ ਵਿਚ 30,000/- ਰੁਪਏ ਅਤੇ ਮੁਕੱਦਮੇਬਾਜੀ ਦੇ ਖਰਚੇ ਲਈ 5000/- ਰੁਪਏ ਸ਼ਿਕਾਇਤਕਰਤਾ ਨੂੰ ਦੇਣ ਦਾ ਆਦੇਸ਼ ਦਿੱਤਾ ਹੈ। ਇਸ ਦੇ ਨਾਲ ਹੀ ਇਸ ਰਕਮ ਦਾ ਭੁਗਤਾਨ 45 ਦਿਨਾਂ ਦੇ ਅੰਦਰ ਕਰਨ ਦਾ ਆਦੇਸ਼ ਦਿੱਤਾ ਹੈ। ਜਿ਼ਲ੍ਹਾ ਜਲੰਧਰ ਦੇ ਗੁਰੂ ਤੇਗ ਬਹਾਦੁਰ ਨਗਰ ਦੀ ਰਹਿਣ ਵਾਲੀ ਹਰਜੀਤ ਕੌਰ(ਸ਼ਿਕਾਇਤਕਰਤਾ) ਪਤਨੀ ਅਰਜਨ ਸਿੰਘ ਵਲੋਂ ਦਰਜ ਸ਼ਿਕਾਇਤ ਮੁਤਾਬਕ ਪਿੰਡ ਸਲੇਮਪੁਰ ਮੁਸਲਮਾਣਾ, ਤਹਿਸੀਲ ਅਤੇ ਜਿ਼ਲ੍ਹਾ ਜਲੰਧਰ ਦੇ ਨੇੜੇ 13.96 ਏਕੜ ਸਕੀਮ ਦੇ ਤਹਿਤ ਇੰਦਰਾ ਪੁਰਮ (ਮਾਸਟਰ ਗੁਰਬੰਤਾ ਸਿੰਘ ਐਨਕਲੇਵ) ਵਿਚ ਰਿਹਾਇਸ਼ੀ ਫਲੈਟ ਬਣਾਏ ਜਾਣੇ ਸਨ। ਹਰਜੀਤ ਕੌਰ ਨੂੰ ਬਲਾਕ ਏ ਵਿਚ ਦੂਜੀ ਮੰਜਿ਼ਲ 'ਤੇ ਕੁੱਲ 3,70,200/- ਦੀ ਰਕਮ 'ਤੇ ਫਲੈਟ ਅਲਾਟ ਕੀਤਾ ਗਿਆ। ਦੁਆਰਾ ਮਿਤੀ 04.09.2006 ਨੂੰ ਅਲਾਟਮੈਂਟ ਪੱਤਰ ਜੇ.ਆਈ.ਟੀ./4448 ਜਾਰੀ ਕੀਤਾ ਗਿਆ। ਉਕਤ ਅਲਾਟਮੈਂਟ ਪੱਤਰ ਵਿਚ ਦਰਜ ਸਰਤਾਂ ਅਤੇ ਨਿਯਮਾਂ ਅਨੁਸਾਰ ਸਾਲ 2009 ਦੇ ਮਾਰਚ ਮਹੀਨੇ ਵਿੱਚ ਫਲੈਟ ਦੀ ਵਿਕਰੀ ਕੀਮਤ 3,70,200/- ਦੀ ਮੂਲ ਕੀਮਤ ਤਹਿਤ ਸਾਰੀਆਂ ਕਿਸਤਾਂ ਦਾ ਭੁਗਤਾਨ ਕਰਨ ਤੋਂ ਬਾਅਦ ਸਬੰਧਤ ਅਧਿਕਾਰੀਆਂ ਤੱਕ ਪਹੁੰਚ ਕੀਤੀ। ਵਾਰ-ਵਾਰ ਬੇਨਤੀਆਂ ਅਤੇ ਮੰਗਾਂ ਦੇ ਬਾਵਜੂਦ 2 ਸਾਲਾਂ ਦੀ ਨਿਰਧਾਰਤ ਸਮਾਂ ਮਿਆਦ ਦੇ ਬਾਅਦ ਵੀ ਫਲੈਟ ਡਿਲੀਵਰ ਨਹੀਂ ਕੀਤਾ ਗਿਆ ਸੀ। ਭਾਵ ਅਲਾਟਮੈਂਟ ਪੱਤਰ ਦੀ ਧਾਰਾ ਨੰ.7 ਦੇ ਤਹਿਤ

ਕਬਜਾ ਮਾਰਚ, 2009 ਵਿਚ ਅਤੇ ਇਸ ਦੇ ਆਸ-ਪਾਸ ਦਿੱਤਾ ਜਾਣਾ ਸੀ ਜੋ ਕਿ ਨਹੀਂ ਦਿੱਤਾ ਗਿਆ। ਇਸ ਤੋਂ ਬਾਅਦ ਵਿਰੋਧੀ ਧਿਰ ਨੇ 2009 ਦੇ ਸਤੰਬਰ ਮਹੀਨੇ ਵਿੱਚ ਸਿ਼ਕਾਇਤਕਰਤਾ ਨੂੰ ਆਪਣੇ ਪੱਤਰ ਨੰ. ਜੇ.ਆਈ.ਟੀ./3215 ਜਰੀਏ ਫਲੈਟ ਦਾ ਕਬਜਾ ਸੌਂਪਣ ਦੇ ਆਪਣੇ ਇਰਾਦੇ ਨਾਲ ਸਿ਼ਕਾਇਤਕਰਤਾ ਨੂੰ ਇਸਦੀ ਵਾਧੂ ਕੀਮਤ 60,066/- ਰੁਪਏ ਅਤੇ ਵਾਧੂ ਸੈੱਸ ਫੀਸ ਦੇ ਨਾਲ 2503/- ਰੁਪਏ ਅਦਾ ਕਰਨ ਲਈ ਕਿਹਾ ਗਿਆ। ਜਿਸ ਤੋਂ ਬਾਅਦ ਸਿ਼ਕਾਇਤਕਰਤਾ ਦੁਆਰਾ ਕੁੱਲ 4,26,769/- ਰੁਪਏ ਦਾ ਭੁਗਤਾਨ ਕੀਤਾ ਗਿਆ। ਕੁਝ ਦਿਨਾਂ ਬਾਅਦ ਸਿ਼ਕਾਇਤਕਰਤਾ ਨੂੰ ਫਲੈਟ ਦੇ ਭੌਤਿਕ ਕਬਜੇ ਦੀ ਡਿਲੀਵਰੀ ਲਈ ਮੌਕੇ 'ਤੇ ਦੌਰਾ ਕਰਨ ਲਈ ਬੁਲਾਇਆ ਗਿਆ। ਸਿ਼ਕਾਇਤਕਰਤਾ ਨੂੰ ਉਸਾਰੀ ਦੇ ਕੰਮ, ਪਹੁੰਚ ਸੜਕ ਦੇ ਕੰਮ, ਫਲੈਟ ਵਿਚ ਘਟੀਆ ਸਮੱਗਰੀ , ਜਲ ਸਪਲਾਈ , ਗੈਸ ਕੁਨੈਕਸ਼ਨ ਅਤੇ ਸੀਵਰੇਜ ਕੁਨੈਕਸਨ ਅਧੂਰਾ ਵਰਗੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ। ਅਲਾਟੀਆਂ(ਸ਼ਿਕਾਇਤਕਰਤਾ) ਨੇ ਦੇਖਿਆ ਕਿ ਸਮੱਗਰੀ ਅਤੇ ਫਿਟਿੰਗਸ / ਦੇ ਮਾਪਦੰਡਾਂ ਅਨੁਸਾਰ ਨਹੀਂ ਸਨ। ਇਸ ਤੋਂ ਇਲਾਵਾ ਉਕਤ ਫਲੈਟ ਮਨੁੱਖੀ ਰਿਹਾਇਸ ਲਈ ਢੁਕਵੇਂ ਨਹੀਂ ਹਨ। ਸਿ਼ਕਾਇਤਕਰਤਾ ਉੱਥੇ ਸਿ਼ਫਟ ਨਹੀਂ ਹੋ ਸਕਿਆ ਕਿਉਂਕਿ ਉਕਤ ਫਲੈਟ ਉਸ ਲਈ ਫਿੱਟ ਨਹੀਂ ਸੀ। ਇਸ ਤਰ੍ਹਾਂ ਸਿ਼ਕਾਇਤਕਰਤਾ ਨੂੰ ਬਹੁਤ ਵੱਡਾ ਵਿੱਤੀ ਨੁਕਸਾਨ ਹੋਇਆ ਕਿਉਂਕਿ ਉਸਦੀ ਮਿਹਨਤ ਦੀ ਕਮਾਈ ਵਿਭਾਗ ਕੋਲ ਰੁਕੀ ਹੋਈ ਹੈ। ਸਿ਼ਕਾਇਤਕਰਤਾ ਦੀ ਦਲੀਲ ਇਹ ਹੈ ਕਿ ਮਿਆਰੀ ਸਮੱਗਰੀ ਦੀ ਵਰਤੋਂ ਨਹੀਂ ਕੀਤੀ ਗਈ ਸੀ ਅਤੇ ਹੋਰ ਸਿਵਲ ਸਹੂਲਤਾਂ ਜਿਵੇਂ ਕਿ ਬਿਜਲੀ ਕੁਨੈਕਸਨ, ਪਾਣੀ ਦਾ ਕੁਨੈਕਸਨ ਅਤੇ ਗੈਸ ਕੁਨੈਕਸਨ ਪ੍ਰਦਾਨ ਨਹੀਂ ਕੀਤਾ ਗਿਆ ਸੀ। ਬਰੋਸਰ ਵਿੱਚ ਦੱਸੇ ਗਏ ਨਿਯਮਾਂ ਅਤੇ ਸਰਤਾਂ ਦੇ ਅਨੁਸਾਰ ਕੋਈ ਗਲੀ ਨਹੀਂ ਹੈ ਅਤੇ ਰਿਹਾਇਸ਼ ਤੱਕ ਕੋਈ ਸਹੀ ਪਹੁੰਚ ਨਹੀਂ ਹੈ ਅਤੇ ਅਲਾਟਮੈਂਟ ਦੇ ਨਿਯਮਾਂ ਅਤੇ ਸਰਤਾਂ ਦੀ ਉਲੰਘਣਾ ਕੀਤੀ ਹੈ। ਇੰਦਰਾਪੁਰਮ ਵਿੱਚ ਵਿਕਾਸ ਅਧੂਰਾ ਹੈ। ਰਿਕਾਰਡ ਉੱਤੇ ਕੋਈ ਵੀ ਫੋਟੋ ਜਾਂ ਦਸਤਾਵੇਜ ਪੇਸ ਨਹੀਂ ਕਰ ਸਕਿਆ ਜਿਸ ਤੋਂ ਇਹ ਪਤਾ ਲਗਾਇਆ ਜਾ ਸਕੇ ਕਿ ਪੋਰਟੇਬਲ ਸੜਕਾਂ, ਪਾਣੀ/ਸੀਵਰੇਜ ਅਤੇ ਸਟਰੀਟ ਲਾਈਟਾਂ ਆਦਿ ਮੁਕੰਮਲ ਕਰ ਲਈਆਂ ਗਈਆਂ ਹਨ। ਨੇ ਕੋਈ ਠੋਸ ਅਤੇ ਪੁਖਤਾ ਸਬੂਤ ਫਾਈਲ 'ਤੇ ਨਹੀਂ ਲਿਆਂਦਾ ਹੈ, ਜਿਸ ਨਾਲ ਓਹ ਇਹ ਸਥਾਪਿਤ ਕਰ ਸਕੇ ਕਿ ਉਹ ਭੌਤਿਕ ਕਬਜਾ ਸੌਂਪਣ ਲਈ ਤਿਆਰ ਸਨ। ਅਦਾਲਤ ਨੇ ਦੋਵਾਂ ਧਿਰਾਂ ਦੀ ਦਲੀਲਾਂ ਅਤੇ ਸਬੂਤਾਂ ਦੇ ਆਧਾਰ 'ਤੇ ਆਪਣਾ ਫੈਸਲਾ ਸੁਣਾਂਦੇ ਹੋਏ ਨੂੰ ਨਿਰਦੇਸ਼ ਦਿੱਤਾ ਕਿ ਸਿ਼ਕਾਇਤਕਰਤਾ ਨੂੰ ਫਲੈਟ ਲਈ ਭੁਗਤਾਨ ਕੀਤੀ ਰਕਮ 4,26,769/- ਰੁਪਏ 9% ਸਲਾਨਾ ਵਿਆਜ ਦੇ ਨਾਲ ਵਾਪਸ ਕਰੇ। ਇਸ ਤੋਂ ਇਲਾਵਾ ਮਾਨਸਿਕ ਪੀੜਾ ਅਤੇ ਪਰੇਸਾਨੀ ਲਈ ਸਿ਼ਕਾਇਤਕਰਤਾ ਨੂੰ ਮੁਆਵਜੇ ਦੇ ਰੂਪ ਵਿਚ 30,000/- ਰੁਪਏ ਅਤੇ ਮੁਕੱਦਮੇਬਾਜੀ ਦੇ ਖਰਚੇ ਦੇ ਤੌਰ 'ਤੇ 5000/- ਰੁਪਏ ਦਾ ਭੁਗਤਾਨ 45 ਦਿਨਾਂ ਦੇ ਅੰਦਰ ਕਰੇ।

ਪੰਜਾਬ 'ਚ ਵਧ ਰਿਹਾ ਐੱਚ.ਆਈ.ਵੀ. ਦਾ ਪ੍ਰਕੋਪ, ਮੁਕਾਬਲੇ ਦੁੱਗਣੇ ਹੋਏ ਮਾਮਲੇ

ਫਾਜਿਲਕਾ 22 ਸਤੰਬਰ। ਪੰਜਾਬ 'ਚ ਐੱਚ.ਆਈ.ਵੀ. ਦੇ ਮਰੀਜਾਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ ਤੇ ਇਹ ਵਾਧਾ ਪੰਜਾਬ ਲਈ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ। ਇਸ ਦਾ ਕਾਰਨ ਹੈ ਕਿ ਇਹ ਇਕ ਜਾਨਲੇਵਾ ਬਿਮਾਰੀ ਹੈ ਤੇ ਕਈ ਤਰੀਕਿਆਂ ਨਾਲ ਇਕ ਤੋਂ ਦੂਜੇ ਮਰੀਜ ਤੱਕ ਫੈਲਦੀ ਹੈ। ਅੰਕੜਿਆਂ ਮੁਤਾਬਕ ਸਾਲ 2017-18 ਦੌਰਾਨ ਪੰਜਾਬ 'ਚ 6,630 ਐੱਚ.ਆਈ.ਵੀ. ਪਾਜਟਿਵ ਮਰੀਜ ਸਨ, ਜਿਨ੍ਹਾਂ ਦੀ ਗਿਣਤੀ ਸਾਲ

2022-23 'ਚ ਵਧ ਕੇ 12,788 ਹੋ ਗਈ ਹੈ। ਸਭ ਤੋਂ ਜਿ਼ਆਦਾ ਵਾਧਾ ਬਰਨਾਲਾ ਜਿ਼ਲ੍ਹੇ 'ਚ ਦੇਖਣ ਨੂੰ ਮਿਲਿਆ ਹੈ। ਦੱਸ ਦੇਈਏ ਕਿ ਐੱਚ.ਆਈ.ਵੀ. ਏਡਜ ਕਈ ਤਰੀਕਿਆਂ ਨਾਲ ਫੈਲਦਾ ਹੈ, ਜਿਨ੍ਹਾਂ 'ਚ ਇਕੋ ਸਰਿੰਜ ਦੀ ਵੱਖ-ਵੱਖ ਲੋਕਾਂ ਵੱਲੋਂ ਵਰਤੋਂ ਕਰਨਾ, ਕਿਸੇ ਐੱਚ.ਆਈ.ਵੀ. ਪਾਜਟਿਵ ਵਿਅਕਤੀ ਨਾਲ ਅਸੁਰੱਖਿਅਤ ਸਰੀਰਕ ਸਬੰਧ ਬਣਾਉਣ, ਇਕੋ ਸੂਈ ਵਾਰ-ਵਾਰ ਵਰਤਣ ਨਾਲ ਜਾਂ ਕਿਸੇ ਮਰੀਜ ਦਾ ਖੂਨ ਕਿਸੇ ਤੰਦਰੁਸਤ ਵਿਅਕਤੀ ਨੂੰ ਚੜ੍ਹਾਉਣਾ ਆਦਿ ਸ਼ਾਮਲ ਹਨ। ਜੇਕਰ ਕੋਈ ਔਰਤ ਐੱਚ.ਆਈ.ਵੀ. ਪਾਜਟਿਵ ਹੈ ਤਾਂ ਉਸ ਦੇ ਬੱਚੇ ਨੂੰ ਵੀ ਸੰਕਰਮਣ ਹੋਣ ਦਾ ਖਤਰਾ ਵਧ ਜਾਂਦਾ ਹੈ।

ਆਰਥਿਕ ਵਾਧਾ ਦਰ ਚਾਲੂ ਵਿੱਤੀ ਸਾਲ 'ਚ 7.5 ਤੋਂ 8 ਫੀਸਦੀ ਰਹੇਗੀ : ਫਿੱਕੀ

ਨਵੀਂ ਦਿੱਲੀ 22 ਸਤੰਬਰ। ਫੈੱਡਰੇਸਨ ਆਫ ਇੰਡੀਅਨ ਚੈਂਬਰਜ ਆਫ ਕਾਮਰਸ ਐਂਡ ਇੰਡਸਟਰੀ (ਫਿੱਕੀ) ਦੇ ਨਵ-ਨਿਯੁਕਤ ਪ੍ਰਧਾਨ ਅਨੀਸ ਸਾਹ ਨੇ ਕਿਹਾ ਕਿ ਮਜਬੂਤ ਆਰਥਿਕ ਗਤੀਵਿਧੀਆਂ, ਸਕਾਰਾਤਮਕ ਧਾਰਨਾ ਅਤੇ ਵਧਦੇ ਨਿੱਜੀ ਨਿਵੇਸ ਨਾਲ ਉਦਯੋਗ ਨੂੰ ਚਾਲੂ ਵਿੱਤੀ ਸਾਲ 'ਚ 7.5 ਤੋਂ 8 ਫੀਸਦੀ ਅਤੇ ਅਗਲੇ ਵਿੱਤੀ ਸਾਲ 2024-25 'ਚ 8

ਫੀਸਦੀ ਵਾਧਾ ਦਰ ਦੀ ਉਮੀਦ ਹੈ। ਉਨ੍ਹਾਂ ਕਿਹਾ ਕਿ ਹਾਲਾਂਕਿ ਆਲਮੀ ਪੱਧਰ 'ਤੇ ਸੰਕਟ ਕਾਰਨ ਆਰਥਿਕ ਵਾਧੇ ਸਾਹਮਣੇ ਚੁਣੌਤੀਆਂ ਵੀ ਹਨ। ਮਹਿੰਦਰਾ ਐਂਡ ਮਹਿੰਦਰਾ ਗਰੁੱਪ ਦੇ ਸੀ. ਈ. ਓ. (ਮੁੱਖ ਕਾਰਜਕਾਰੀ ਅਧਿਕਾਰੀ) ਅਤੇ ਮੈਨੇਜਿੰਗ ਡਾਇਰੈਕਟਰ ਸਾਹ ਨੇ ਕਿਹਾ, "ਅਸੀਂ ਹੁਣ ਤੱਕ 7.8 ਫੀਸਦੀ ਅਤੇ 7.6 ਫੀਸਦੀ ਦੀ ਵਾਧਾ ਦਰ ਦੇ ਬਿਹਤਰ ਅੰਕੜੇ ਵੇਖੇ ਹਨ। ਮਜਬੂਤ ਆਰਥਿਕ ਗਤੀਵਿਧੀ ਦੇ ਮੱਦੇਨਜਰ, ਮੇਰਾ ਮੰਨਣਾ ਹੈ ਕਿ ਇਹ ਸਥਿਤੀ ਬਣੀ ਰਹੇਗੀ। ਅਸੀਂ ਵੇਖ ਰਹੇ ਹਾਂ ਕਿ ਕਈ ਕੰਪਨੀਆਂ ਨਿਵੇਸ ਕਰ ਰਹੀਆਂ ਹਨ, ਸਮਰੱਥਾ ਵਧਾ ਰਹੀਆਂ ਹਨ।"

ਸਰਕਾਰੀ ਸਕੂਲ 'ਚ ਇਕ ਵਿਅਕਤੀ ਨੇ ਅਲਮਾਰੀ ਨੂੰ ਲਾਈ ਅੱਗ, ਸਰਕਾਰੀ ਰਿਕਾਰਡ ਨੂੰ ਸਾੜ ਕੇ ਕੀਤਾ ਸੁਆਹ

ਗੁਰਦਾਸਪੁਰ 22 ਸਤੰਬਰ। ਗੁਰਦਾਸਪੁਰ ਦੇ ਅਧੀਨ ਪੈਂਦੇ ਪਿੰਡ ਮਗਰਲਾ ਦੇ ਸਰਕਾਰੀ ਮਿਡਲ ਸਕੂਲ 'ਚ ਬੀਤੀ ਰਾਤ ਇਕ ਵਿਅਕਤੀ ਨੇ ਜਿੱਥੇ ਦਫ਼ਤਰ 'ਚ ਪਈ ਅਲਮਾਰੀ ਨੂੰ ਅੱਗ ਲਗਾ ਕੇ ਸਾਰਾ ਰਿਕਾਰਡ ਸਾੜ੍ਹ ਦਿੱਤਾ, ਉੱਥੇ ਸਕੂਲ 'ਚ ਲੱਗੇ ਕੈਮਰਿਆਂ ਦੇ ਡੀ.ਵੀ.ਆਰ, ਕੈਮਰਿਆਂ ਅਤੇ ਵਾਈਫਾਈ ਦਾ ਮੌਡਮ ਚੋਰੀ ਕਰ ਲਿਆ ਹੈ। ਇਸ ਸਬੰਧੀ ਦੀਨਾਨਗਰ ਪੁਲਸ ਨੇ ਇਕ ਵਿਅਕਤੀ ਦੇ ਖਿ਼ਲਾਫ ਧਾਰਾ 457,380, 436, 427 ਦੇ ਤਹਿਤ ਮਾਮਲਾ ਦਰਜ ਕਰਕੇ ਮੁਲਜਮ ਦੀ ਭਾਲ ਸ਼ੁਰੂ ਕਰ ਦਿੱਤੀ ਹੈ। ਇਸ ਸਬੰਧੀ ਨਰਿੰਦਰ ਕੁਮਾਰ ਪੁੱਤਰ ਅਮਰਨਾਥ ਵਾਸੀ ਹਾਊਸ ਨੰਗਰ 291 ਸਾਹਮਣੇ ਪੈਟਰੋਲ ਪੰਪ ਬਹਿਰਾਮਪੁਰ ਰੋਡ, ਗੁਰਦਾਸਪੁਰ ਹਾਲ ਸਰਕਾਰੀ ਮਿਡਲ ਸਕੂਲ ਮਗਰਾਲਾ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਦੱਸਿਆ ਕਿ ਉਹ ਸਰਕਾਰੀ ਮਿਡਲ ਸਕੂਲ ਮਗਰਾਨਾ 'ਚ ਬਤੌਰ ਸਕੂਲ ਇੰਚਾਰਜ਼ ਲੱਗਾ ਹੋਇਆ ਹੈ। ਬੀਤੇ ਦਿਨੀਂ ਉਹ ਜਦ ਸਕੂਲ ਪਹੁੰਚਿਆਂ ਤਾਂ ਬਬਲੀ ਦੇਵੀ ਪਤਨੀ ਸੁਨੀਲ ਕੁਮਾਰ ਵਾਸੀ ਮਗਰਾਲਾ ਨੇ ਦੱਸਿਆ ਕਿ ਜਦ ਉਹ ਸਕੂਲ ਸਫਾਈ ਕਰਨ

ਆਈ ਸੀ ਤਾਂ ਵੇਖਿਆ ਕਿ ਦਫ਼ਤਰ ਦਾ ਤਾਲਾ ਟੁੱਟਾ ਹੋਇਆ ਸੀ ਅਤੇ ਅੰਦਰ ਲੋਹੇ ਦੀ ਅਲਮਾਰੀ ਵਿਚ ਪਏ ਰਿਕਾਰਡ ਨੂੰ ਅੱਗ ਲੱਗ ਹੋਈ ਸੀ। ਜਿਸ 'ਤੇ ਉਸ ਨੇ ਪਾਣੀ ਸੁੱਟ ਕੇ ਅੱਗ ਨੂੰ ਬੁਝਾਇਆ। ਨਰਿੰਦਰ ਕੁਮਾਰ ਨੇ ਦੱਸਿਆ ਕਿ ਜਦ ਉਸ ਨੇ ਅਲਮਾਰੀ ਨੂੰ ਚੈੱਕ ਕੀਤਾ ਤਾਂ ਪਤਾ ਲੱਗਾ ਕਿ ਅਲਮਾਰੀ ਵਿਚ ਪਿਆ ਸਕੂਲ ਦਾ ਰਿਕਾਰਡ ਅਤੇ ਕੁਝ ਹੋਰ ਸਾਮਾਨ ਸੜ੍ਹ ਚੁੱਕਿਆ ਸੀ ਅਤੇ ਸਕੂਲ ਵਿਚ ਲੱਗੇ ਕੈਮਰਿਆਂ ਦੇ ਡੀ.ਵੀ.ਆਰ, ਕੈਮਰਿਆਂ ਅਤੇ ਵਾਈਫਾਈ ਦਾ ਮੌਡਮ ਚੋਰੀ ਹੋ ਚੁੱਕਾ ਸੀ। ਦੂਜੇ ਪਾਸੇ ਸਹਾਇਕ ਸਬ ਇੰਸਪੈਕਟਰ ਰੁਪਿੰਦਰ ਸਿੰਘ ਨੇ ਦੱਸਿਆ ਕਿ ਇਸ ਮਾਮਲੇ ਦੀ ਜਾਂਚ ਕਰਨ ਤੋਂ ਬਾਅਦ ਪਤਾ ਲੱਗਾ ਕਿ ਉਕਤ ਘਟਨਾ ਨੂੰ ਅੰਜਾਮ ਮੁਲਜਮ ਮਲਕੀਤ ਸਿੰਘ ਪੁੱਤਰ ਰਤਨ ਸਿੰਘ ਵਾਸੀ ਮਗਰਾਲਾ ਨੇ ਦਿੱਤਾ ਹੈ, ਜਿਸ ਨੇ ਸਕੂਲ ਦਾ ਤਾਲਾ ਤੋੜ ਕੇ ਅੰਦਰ ਦਾਖ਼ਲ ਹੋ ਕੇ ਅਲਮਾਰੀ ਨੂੰ ਅੱਗ ਲਗਾਈ ਅਤੇ ਕੈਮਰਿਆਂ ਦਾ ਸਾਮਾਨ ਚੋਰੀ ਕੀਤਾ। ਜਿਸ 'ਤੇ ਉਕਤ ਮੁਲਜਮ ਦੇ ਖਿ਼ਲਾਫ ਮਾਮਲਾ ਦਰਜ ਕਰਕੇ ਭਾਲ ਸ਼ੁਰੂ ਕਰ ਦਿੱਤੀ ਹੈ।

ਸਕੂਲ 'ਚ ਮਿਲਿਆ ਬੰਬ, ਪੰਜਾਬ ਪੁਲਸ ਨੂੰ ਪਈਆਂ ਭਾਜੜਾਂ, ਹੈਰਾਨ ਕਰ ਦੇਣ ਵਾਲੀ ਵਜ੍ਹਾ ਆਈ ਸਾਹਮਣੇ

ਪਟਿਆਲਾ 22 ਸਤੰਬਰ। ਪਟਿਆਲਾ ਦੇ ਮਾਈਲਸਟੋਨ ਸਮਾਰਟ ਸਕੂਲ 'ਚ ਬੰਬ ਮਿਲਣ ਨਾਲ ਸਨਸਨੀ ਫੈਲ ਗਈ ਪਰ ਇਹ ਬੰਬ ਨਕਲੀ ਸੀ। ਮਿਲੀ ਜਾਣਕਾਰੀ ਮੁਤਾਬਿਕ ਪਟਿਆਲਾ ਦੇ ਤ੍ਰਿਪੜੀ ਇਲਾਕੇ ਅਧੀਨ ਆਉਂਦੇ ਇਕ ਪ੍ਰਾਈਵੇਟ ਮਾਈਲਸਟੋਨ ਸਮਾਰਟ ਸਕੂਲ 'ਚ ਵਟਸਐੱਪ ਗਰੁੱਪ ਵਿਚ ਇਕ ਵਿਦਿਆਰਥੀ ਦਾ ਪਿਤਾ ਇਕ ਅਧਿਆਪਕਾ ਨਾਲ ਗੱਲਾਂ ਕਰਨ ਲੱਗ ਜਾਂਦਾ ਹੈ ਜਦੋਂ ਅਧਿਆਪਕਾ ਉਸ ਨੂੰ ਜਵਾਬ ਦਿੰਦੀ ਹੈ ਤਾਂ ਉਹ ਗੁੱਸੇ ਵਿਚ ਆ ਜਾਂਦਾ ਹੈ ਅਤੇ ਸਕੂਲ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਦਿੱਤੀ ਹੈ। ਉਕਤ ਵਿਅਕਤੀ ਨਾ ਸਿਰਫ ਧਮਕੀ ਦਿੰਦਾ ਹੈ ਸਗੋਂ ਸਕੂਲ ਵਿਚ ਨਕਲੀ ਬੰਬ ਵੀ ਸੁੱਟਦਾ ਹੈ। ਪਹਿਲੀ ਵਾਰ ਉਕਤ ਵਿਅਕਤੀ 18 ਅਗਸਤ ਨੂੰ ਨਕਲੀ ਬੰਬ ਸੁੱਟਦਾ ਹੈ, ਜਿਹੜਾ ਬਿਲਕੁਲ ਅਸਲੀ ਲੱਗਦਾ ਸੀ ਜਿਸਨੂੰ ਲੈ ਕੇ ਪੁਲਸ ਨੇ ਮਾਮਲਾ ਵੀ ਦਰਜ ਕੀਤਾ ਸੀ ਪਰ ਮੁੜ-ਮੁੜ ਅਜਿਹੀਆਂ ਘਟਨਾਵਾਂ ਹੁੰਦੀਆਂ ਰਹੀਆਂ ਅਤੇ ਇਸ ਤੋਂ ਬਾਅਦ ਹੀ ਸਕੂਲ 'ਚੋਂ ਖਾਲਿਸਤਾਨੀ ਪੱਤਰ ਵੀ ਬਰਾਮਦ ਹੋਏ ਜਿਸ 'ਚ ਸਕੂਲ ਨੂੰ ਉਡਾਉਣ ਦੀਆਂ ਧਮਕੀਆਂ ਦਿੱਤੀਆਂ ਗਈਆਂ ਸੀ। ਇਥੇ ਹੀ ਬਸ ਨਹੀਂ ਸਕੂਲ ਵਿਚੋਂ ਕੁੱਲ 3 ਵਾਰ ਨਕਲੀ ਬੰਬ ਬਰਾਮਦ ਹੋਏ। ਪੁਲਸ ਨੇ ਹੁਣ ਇਸ ਮਾਮਲੇ ਵਿਚ ਸਨਕੀ ਵਿਅਕਤੀ ਜਗਮੀਤ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਪੁਲਸ ਮੁਤਾਬਿਕ ਇਸ ਵਿਆਕਤੀ ਦੀ ਬੇਟੀ ਉਸੇ ਸਕੂਲ 'ਚ ਪੜ੍ਹਦੀ ਹੈ ਜਦੋਂ ਬੱਚਿਆਂ ਦੇ ਬਣੇ ਵਟਸਐਪ ਵਾਲੇ ਗਰੁੱਪ 'ਚ ਇਸ ਨੇ ਸਕੂਲ ਅਧਿਆਪਕ ਨਾਲ ਦੋਸਤੀ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਸਨੇ ਇਸਨੂੰ ਬਲਾਕ ਕਰ ਦਿੱਤਾ ਸੀ, ਜਿਸ ਤੋਂ ਬਾਅਦ ਬਦਲਾ ਲੈਣ ਲਈ ਉਕਤ ਵਿਅਕਤੀ ਨੇ ਇਹ ਸਭ ਕੀਤਾ ਹੈ।

ਮੇਹਟੀਆਣਾ ਪੁਲਸ ਵੱਲੋਂ ਭਗੌੜਾ ਦੋਸੀ ਵਿਅਕਤੀ ਗ੍ਰਿਫ਼ਤਾਰ

ਮੇਹਟੀਆਣਾ 22 ਸਤੰਬਰ। ਜ਼ਿਲ੍ਹਾ ਪੁਲਸ ਮੁਖੀ ਹੁਸਿ਼ਆਰਪੁਰ ਸੁਰਿੰਦਰ ਲਾਂਬਾ ਵੱਲੋਂ ਦੋਸੀਆਂ ਨੂੰ ਗ੍ਰਿਫਤਾਰ ਕਰਨ ਦੀ ਮੁਹਿਮ ਚਲਾਈ ਗਈ ਹੈ। ਇਸੇ ਮੁਹਿੰਮ ਤਹਿਤ ਥਾਣਾ ਮੇਹਟੀਆਣਾ ਦੇ ਮੁੱਖ ਅਫਸਰ ਸਬ ਇੰਸਪੈਕਟਰ ਜਗਜੀਤ ਸਿੰਘ ਦੀ ਦੇਖ ਰੇਖ ਹੇਠ ਬਣਾਈ ਪੁਲਸ ਟੀਮ ਨੇ ਇਕ ਮੁਕਦਮੇ ਵਿੱਚ ਨਾਮਜਦ ਦੋਸੀ ਅਸਰਾਫ ਅਲੀ ਪੁੱਤਰ ਅਬਦੁਲ ਗਫੂਰ ਨੂੰ ਗ੍ਰਿਫਤਾਰ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ। ਜਾਣਕਾਰੀ ਦਿੰਦਿਆਂ ਮੁੱਖ ਅਫਸਰ ਜਗਜੀਤ ਸਿੰਘ ਨੇ ਦੱਸਿਆ ਕਿ ਉਕਤ ਦੋਸੀ ਖਿ਼ਲਾਫ ਮੁਕੱਦਮਾ ਨੰਬਰ 180 ਮਿਤੀ 30 ਦਸੰਬਰ 2021 ਨੂੰ ਜੇਰੇ ਧਾਰਾ 363,366 ਏ ਤ

ਠੇਕੇਦਾਰ ਨੇ ਉਡਾਈਆਂ ਕੋਰਟ ਅਤੇ ਆਬਕਾਰੀ ਵਿਭਾਗ ਦੇ ਹੁਕਮਾਂ ਦੀਆਂ ਧੱਜੀਆਂ, ਥੋਕ 'ਚ ਸ਼ਰਾਬ ਖਰੀਦਣ ਲਈ ਦਿੱਤੇ ਆਫਰ

ਜਲੰਧਰ 22 ਸਤੰਬਰ। ਸ਼ਹਿਰ 'ਚ ਸ਼ਰਾਬ ਦੀ ਵਿਕਰੀ ਲਈ ਐਕਸਾਈਜ ਐਕਟ ਦੀਆਂ ਸ਼ਰੇਆਮ ਧੱਜੀਆਂ ਉਡਾਈਆਂ ਜਾ ਰਹੀਆਂ ਹਨ ਪਰ ਹੈਰਾਨੀ ਦੀ ਗੱਲ ਇਹ ਹੈ ਕਿ ਆਬਕਾਰੀ ਵਿਭਾਗ ਇਸ ਮਾਮਲੇ ਵਿਚ ਚੁੱਪ ਧਾਰੀ ਬੈਠਾ ਹੈ। ਸ਼ਹਿਰ ਦੇ ਸ਼ਰਾਬ ਠੇਕੇਦਾਰਾਂ ਅਤੇ ਕੁਝ ਐਕਸਾਈਜ ਵਿਭਾਗ ਦੇ ਕਰਮਚਾਰੀਆਂ ਵਿਚ ਕਿਸ ਹੱਦ ਤਕ ਮਿਲੀਭੁਗਤ ਹੈ, ਉਸਦਾ ਵੀ ਖੁਲਾਸਾ ਹੋਇਆ ਹੈ। ਜਾਣਕਾਰੀ ਅਨੁਸਾਰ ਸ਼ਹਿਰ ਵਿਚ ਮਾਡਰਨ ਵਾਈਨ ਸ਼ਾਪ ਦੇ ਨਾਂ ਨਾਲ ਦੀਪ ਨਗਰ, ਪਟਵਾਰੀ ਢਾਬਾ ਰੋਡ 'ਤੇ ਇਕ ਆਲੀਸ਼ਾਨ ਦੁਕਾਨ ਖੋਲ੍ਹੀ ਗਈ ਹੈ। ਇਸ ਦੁਕਾਨ 'ਤੇ ਸ਼ਰਾਬ ਵੇਚਣ ਲਈ ਬਕਾਇਦਾ ਇਸ਼ਤਿਹਾਰ ਦਾ ਸਹਾਰਾ ਲਿਆ ਗਿਆ ਹੈ, ਜੋ ਕਿ ਐਕਸਾਈਜ ਐਕਟ ਦੇ ਨਾਲ-ਨਾਲ ਕੋਰਟ ਦੇ ਹੁਕਮਾਂ ਦੀ ਵੀ ਉਲੰਘਣਾ ਹੈ। ਜਾਣਕਾਰੀ ਅਨੁਸਾਰ ਉਕਤ ਵਾਈਨ ਸ਼ਾਪ ਦਾ ਇਕ ਵੀਡੀਓ ਸਾਹਮਣੇ ਆਇਆ ਹੈ, ਜਿਸ ਵਿਚ ਦੁਕਾਨ ਦਾ ਨਾ ਸਿਰਫ ਪ੍ਰਚਾਰ ਕੀਤਾ ਜਾ ਰਿਹਾ ਹੈ, ਸਗੋਂ ਨਾਲ ਹੀ ਸ਼ਰਾਬ ਖਰੀਦਣ ਲਈ ਲਾਲਚ ਵੀ ਦਿੱਤਾ ਜਾ ਰਿਹਾ ਹੈ। ਇਹ ਆਬਕਾਰੀ ਐਕਟ 19-61-14 ਦੀ ਉਲੰਘਣਾ ਹੈ। ਵੀਡੀਓ ਵਿਚ ਸਾਫ ਦੇਖਿਆ ਜਾ ਸਕਦਾ ਹੈ ਕਿ ਇਕ ਐਂਕਰ ਸ਼ਰਾਬ ਦੇ ਠੇਕੇ 'ਤੇ ਤਾਇਨਾਤ ਕਰਮਚਾਰੀ ਤੋਂ ਸ਼ਰਾਬ ਦੇ ਉੱਪਰ ਚੱਲ ਰਹੀ ਆਫਰ ਸਬੰਧੀ ਸਵਾਲ-ਜਵਾਬ ਕਰ ਰਿਹਾ ਹੈ। ਇਹ ਵੀਡੀਓ ਲਗਭਗ ਇਕ ਮਹੀਨਾ ਪੁਰਾਣੀ ਹੈ। ਇਸ ਵਿਚ ਸ਼ਰਾਬ ਠੇਕੇਦਾਰ ਦਾ ਕਰਿੰਦਾ ਵੱਖ-ਵੱਖ ਬ੍ਰਾਂਡ ਦੇ ਸ਼ਰਾਬ ਦੀਆਂ ਬੋਤਲਾਂ ਦਿਖਾ ਰਿਹਾ ਹੈ। ਇਸ ਤੋਂ ਇਲਾਵਾ ਸ਼ਰਾਬ ਦੇ ਠੇਕੇ 'ਤੇ ਕਰਿੰਦਾ ਸਾਫ ਕਹਿੰਦਾ ਦਿਸ ਰਿਹਾ ਹੈ ਕਿ ਇਹ ਸਭ ਪੈਕਿੰਗ ਉਨ੍ਹਾਂ ਦੇ ਮਾਲਕ ਨੇ ਤਿਆਰ ਕਰਵਾਈ ਹੈ। ਇਹੀ ਨਹੀਂ,

ਕਰਿੰਦੇ ਵੱਲੋਂ ਬਕਾਇਦਾ ਸ਼ਰਾਬ ਦੀ ਵੱਖ-ਵੱਖ ਰੇਂਜ ਦੱਸੀ ਜਾ ਰਹੀ ਹੈ, ਜੋ ਕਿ ਆਬਕਾਰੀ ਐਕਟ ਦੇ ਅਨੁਸਾਰ ਗੈਰ-ਕਾਨੂੰਨੀ ਹੈ। ਸਾਡੇ ਪੱਤਰਕਾਰ ਵੱਲੋਂ ਜਦੋਂ ਇਸ ਵੀਡੀਓ ਦੇ ਸਬੰਧ ਵਿਚ ਸ਼ਹਿਰ ਦੇ ਇਕ ਸਥਾਨਕ ਆਬਕਾਰੀ ਅਧਿਕਾਰੀ ਨੂੰ ਜਾਣਕਾਰੀ ਦਿੱਤੀ ਗਈ ਤਾਂ ਉਸਨੇ ਕਾਰਵਾਈ ਤਾਂ ਕੀ ਕਰਨੀ ਸੀ, ਉਲਟਾ ਠੇਕੇਦਾਰ ਨੂੰ ਕਹਿ ਕੇ ਵੀਡੀਓ ਹੀ ਡਿਲੀਟ ਕਰਵਾ ਦਿੱਤੀ। ਬੇਸ਼ੱਕ ਇਹ ਵੀਡੀਓ ਸੋਸ਼ਲ ਮੀਡੀਆ ਤੋਂ ਡਿਲੀਟ ਕਰਵਾ ਦਿੱਤੀ ਗਈ ਹੈ ਪਰ 'ਜਗ ਬਾਣੀ' ਕੋਲ ਇਸਦੀ ਕਾਪੀ ਮੌਜੂਦ ਹੈ। ਸ਼ਰਾਬ ਠੇਕੇਦਾਰ ਦੇ ਹੌਸਲੇ ਇੰਨੇ ਬੁਲੰਦ ਸਨ ਕਿ ਉਸਨੇ ਬਕਾਇਦਾ ਇਕ ਚੈਨਲ ਦਾ ਐਂਕਰ ਲਾ ਕੇ ਉਸ ਜਰੀਏ ਵੱਖ-ਵੱਖ ਤਰ੍ਹਾਂ ਦੇ ਆਫਰ ਦਿੱਤੇ ਜਾਣ ਦਾ ਇਕ ਵੀਡੀਓ ਬਣਵਾਇਆ ਅਤੇ ਉਸਨੂੰ ਸੋਸ਼ਲ ਮੀਡੀਆ 'ਤੇ ਪਾ ਦਿੱਤਾ। ਸੋਸ਼ਲ ਮੀਡੀਆ 'ਤੇ ਵੀਡੀਓ ਆਉਣ ਦੇ ਬਾਅਦ ਵੀ ਆਬਕਾਰੀ ਵਭਾਗ ਨੇ ਕੋਈ ਕਾਰਵਾਈ ਨਹੀਂ ਕੀਤੀ ਅਤੇ ਵੀਡੀਓ ਨੂੰ ਸ਼ਰਾਬ ਠੇਕੇਦਾਰ ਦੇ ਕਰਿੰਦੇ ਵਾਇਰਲ ਕਰਦੇ ਰਹੇ। ਇਸ ਵੀਡੀਓ ਵਿਚ ਵੱਧ ਸ਼ਰਾਬ ਖਰੀਦਣ 'ਤੇ ਗਿਫਟ ਦੇਣ ਦੀਆਂ ਵੀ ਗੱਲਾਂ ਕੀਤੀਆਂ ਜਾ ਰਹੀਆਂ ਹਨ। ਸ਼ਰਾਬ ਠੇਕੇਦਾਰ ਦਾ ਕਰਿੰਦਾ ਜਿਸ ਦਾ ਨੀਰਜ ਕਿਹਾ ਜਾ ਰਿਹਾ ਹੈ, ਦੀਵਾਲੀ ਦੇ ਮੌਕੇ 'ਤੇ ਵੱਖ-ਵੱਖ ਬ੍ਰਾਂਡ 'ਤੇ ਆਫਰ ਦੱਸਦਾ ਨਜਰ ਆ ਰਿਹਾ ਹੈ। ਇਸ ਸਬੰਧੀ ਡੀ. ਈ. ਟੀ. ਸੀ. ਪਰਮਜੀਤ ਸਿੰਘ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਦਾ ਕਹਿਣਾ ਸੀ ਕਿ ਮਾਮਲਾ ਉਨ੍ਹਾਂ ਦੇ ਧਿਆਨ ਵਿਚ ਆਇਆ ਹੈ ਅਤੇ ਠੇਕੇਦਾਰ ਨੂੰ ਨੋਟਿਸ ਜਾਰੀ ਕਰ ਦਿੱਤਾ ਗਿਆ ਹੈ। ਉਨ੍ਹਾਂ ਵੱਲੋਂ ਜਵਾਬ ਆਉਣ ਤੋਂ ਬਾਅਦ ਅੱਗੇ ਦੀ ਕਾਰਵਾਈ ਕੀਤੀ ਜਾਵੇਗੀ।

ਪੁਲਸ ਨੇ ਸਮੱਗਲਰਾਂ ਕੋਲੋਂ ਕਰੋੜਾਂ ਦੀ ਹੈਰੋਇਨ ਸਣੇ ਹੋਰ ਨਸ਼ੀਲੇ ਪਦਾਰਥਾਂ ਨੂੰ ਸੜ ਕੇ ਕੀਤਾ ਸੁਆਹ

ਅੰਮ੍ਰਿਤਸਰ 22 ਸਤੰਬਰ। ਅੰਮ੍ਰਿਤਸਰ ਕਮਿਸਨਰੇਟ ਪੁਲਸ ਨੇ ਨਸਾ ਮੁਕਤ ਮੁਹਿੰਮ ਤਹਿਤ ਪਿਛਲੇ ਦਿਨੀਂ ਇਕ ਵੱਡੀ ਕਾਰਵਾਈ ਕਰਦਿਆਂ ਵੱਡੀ ਮਾਤਰਾ ਵਿਚ ਨਸੀਲੇ ਪਦਾਰਥ ਬਰਾਮਦ ਕੀਤੇ ਹਨ, ਜਿਨ੍ਹਾਂ ਨੂੰ ਹੁਣ ਨਸਟ ਕਰ ਦਿੱਤਾ ਗਿਆ ਹੈ ਤਾਂ ਜੋ ਇਸਦੀ ਕਿਸੇ ਵੀ ਸੂਰਤ ਵਿਚ ਦੁਰਵਰਤੋਂ ਨਾ ਹੋ ਸਕੇ। ਇਸ ਦੇ ਨਾਲ ਹੀ ਇਹ ਉਨ੍ਹਾਂ ਲੋਕਾਂ ਲਈ ਵੀ ਚਿਤਾਵਨੀ ਹੈ, ਜਿਨ੍ਹਾਂ ਨੇ ਕਰੋੜਾਂ ਰੁਪਏ ਖਰਚ ਕੇ ਇਨ੍ਹਾਂ ਨੂੰ ਖਰੀਦਿਆ ਸੀ ਅਤੇ ਪੰਜਾਬ ਦੇ ਲੋਕਾਂ ਨੂੰ ਵੇਚਣਾ ਸੀ। ਪਿਛਲੇ 4 ਮਹੀਨਿਆਂ ਦੌਰਾਨ ਪੁਲਸ ਵੱਲੋਂ ਨਸਾ ਸਮੱਗਲਰਾਂ ਵਿਰੁੱਧ ਕੀਤੀ ਗਈ ਸਖਤ ਕਾਰਵਾਈ ਦੌਰਾਨ 22.2 ਹੈਰੋਇਨ ਬਰਾਮਦ ਕੀਤੀ ਗਈ ਹੈ, ਜਿਸਦੀ ਅੰਤਰ ਰਾਸ਼ਟਰੀ ਕੀਮਤ 111 ਕਰੋੜ ਰੁਪਏ ਬਣਦੀ ਹੈ। ਉਥੇ ਹੀ ਹੋਰ ਕਿਸਮ ਦੇ ਨਸੀਲੇ ਪਦਾਰਥਾ ਦੀ ਬਰਾਮਗੀ 'ਚ 14.1 ਕਿਲੋਗ੍ਰਾਮ ਹਸੀਸ, 6.5 ਕਿਲੋਗ੍ਰਾਮ ਸਮੈਕ, 75 ਹਜਾਰ ਪਾਬੰਦੀਸੁਦਾ ਅਤੇ ਨਸੀਲੇ ਕੈਪਸੂਲ, 1522 ਟੀਕੇ ਸ਼ਾਮਲ ਹਨ। ਡੀ. ਸੀ. ਪੀ . ਡਿਟੈਕਟਿਵ ਮੈਡਮ ਵਤਸਲਾ ਗੁਪਤਾ ਆਈ. ਪੀ. ਐੱਸ. ਦੇ ਨਿਰਦੇਸਾਂ 'ਤੇ ਕੀਤੀ ਗਈ ਨਸ਼ੀਲੇ ਪਦਾਰਥਾਂ ਨੂੰ ਨਸ਼ਟ ਕਰਨ ਦੀ ਕਾਰਵਾਈ ਦੇ ਸੰਬੰਧ 'ਚ ਏ. ਡੀ. ਸੀ. ਪੀ. ਹਰਜੀਤ ਸਿੰਘ ਧਾਲੀਵਾਲ ਨੇ ਦੱਸਿਆ ਕਿ ਪਿਛਲੇ 126 ਦਿਨਾਂ ਦੀ ਕਾਰਵਾਈ ਦੌਰਾਨ ਵੱਖ-ਵੱਖ ਥਾਣਿਆਂ 'ਚੋਂ ਉਪਰੋਕਤ ਨਸੀਲੇ ਪਦਾਰਥ ਬਰਾਮਦ ਕੀਤੇ ਗਏ ਸਨ, ਜੋ ਕਿ ਮਾਲ ਖਾਨੇ 'ਚ ਜਮਾ ਕੀਤਾ ਹੋਇਆ ਸੀ। ਇਨ੍ਹਾਂ ਨਸੀਲੇ ਪਦਾਰਥਾਂ ਦੀ ਬਰਾਮਦਗੀ ਵਿੱਚ ਪੁਲਸ ਦੀ ਤਸਕਰਾਂ ਵਿਰੁੱਧ ਕੀਤੀ ਜਾ ਰਹੀ ਕਾਰਵਾਈ ਨੇ ਵੱਡੀ ਭੂਮਿਕਾ ਨਿਭਾਈ ਹੈ। ਉਪਰੋਕਤ ਬਰਾਮਦ ਕੀਤੇ ਨਸੀਲੇ ਪਦਾਰਥਾਂ ਨੂੰ ਮਿੱਲ ਦੇ ਬੁਆਇਲਰ ਵਿੱਚ ਸਾੜ ਕੇ ਨਸਟ ਕਰ ਦਿੱਤਾ ਗਿਆ ਹੈ। ਇਸ ਸਬੰਧੀ ਡੀ. ਸੀ. ਪੀ. ਡਿਟੈਕਟਿਵ ਵਤਸਲਾ ਗੁਪਤਾ ਆਈ. ਪੀ. ਐੱਸ. ਨੇ ਦੱਸਿਆ ਕਿ ਜਬਤ

ਕੀਤੇ ਗਏ ਸਾਮਾਨ ਨੂੰ ਸਾਰੇ ਨਿਯਮਾਂ ਅਨੁਸਾਰ ਪਾਰਦਰਸੀ ਢੰਗ ਇਨ੍ਹਾਂ ਨੂੰ ਖਰੀਦਿਆ ਸੀ ਅਤੇ ਪੰਜਾਬ ਦੇ ਲੋਕਾਂ ਨੂੰ ਵੇਚਣਾ ਸੀ। ਪਿਛਲੇ 4 ਮਹੀਨਿਆਂ ਦੌਰਾਨ ਪੁਲਸ ਵੱਲੋਂ ਨਸਾ ਸਮੱਗਲਰਾਂ ਵਿਰੁੱਧ ਕੀਤੀ ਗਈ ਸਖਤ ਕਾਰਵਾਈ ਦੌਰਾਨ 22.2 ਹੈਰੋਇਨ ਬਰਾਮਦ ਕੀਤੀ ਗਈ ਹੈ, ਜਿਸਦੀ ਅੰਤਰ ਰਾਸ਼ਟਰੀ ਕੀਮਤ 111 ਕਰੋੜ ਰੁਪਏ ਬਣਦੀ ਹੈ। ਉਥੇ ਹੀ ਹੋਰ ਕਿਸਮ ਦੇ ਨਸੀਲੇ ਪਦਾਰਥਾ ਦੀ ਬਰਾਮਗੀ 'ਚ 14.1 ਕਿਲੋਗ੍ਰਾਮ ਹਸੀਸ, 6.5 ਕਿਲੋਗ੍ਰਾਮ ਸਮੈਕ, 75 ਹਜਾਰ ਪਾਬੰਦੀਸੁਦਾ ਅਤੇ ਨਸੀਲੇ ਕੈਪਸੂਲ, 1522 ਨਾਲ ਨਸਟ ਕੀਤਾ ਗਿਆ ਹੈ। ਉਨ੍ਹਾਂ ਆਮ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਨਸਾ ਸਮੱਗਲਰਾਂ ਜਾਂ ਨਸਾ ਫੈਲਾਉਣ ਵਾਲੇ ਸਮੱਗਲਰਾਂ ਨੂੰ ਠੱਲ ਪਾਉਣ ਲਈ ਪੁਲਸ ਦੀ ਮਦਦ ਕਰਨ। ਸੂਚਨਾ ਦੇਣ ਵਾਲਿਆਂ ਦੇ ਨਾਮ ਗੁਪਤ ਰੱਖੇ ਜਾਣਗੇ। ਉਨ੍ਹਾਂ ਕਿਹਾ ਕਿ ਅਸਲ ਵਿਚ ਨਸੇ ਦਾ ਕਾਰੋਬਾਰ ਸਮਾਜ ਅਤੇ ਸਿਸਟਮ ਲਈ ਖਤਰਨਾਕ ਹੈ, ਸਾਨੂੰ ਇਸ ਨਾਲ ਮਿਲ ਕੇ ਲੜਨਾ ਪਵੇਗਾ। ਇਹ ਸਮੱਸਿਆ ਕਿਸੇ ਇੱਕ ਵਰਗ ਦੀ ਨਹੀਂ ਸਗੋਂ ਪੂਰੇ ਪੰਜਾਬ ਦੀ ਹੈ। ਡੀ.ਸੀ.ਪੀ. ਨੇ ਕਿਹਾ ਕਿ ਜਿਨ੍ਹਾਂ ਲੋਕਾਂ ਨੇ ਕਰੋੜਾਂ ਰੁਪਏ ਦਾ ਨਸਾ ਖਰੀਦ ਕੇ ਲੋਕਾਂ ਨੂੰ ਭੇਜਣਾ ਸੀ, ਉਨ੍ਹਾਂ ਦਾ ਸਾਮਾਨ ਵੀ ਨਸਟ ਵੀ ਹੋਇਆ ਅਤੇ ਜੇਲ੍ਹ ਵੀ ਹੋਈ ।

13 ਸਾਲ ਪਹਿਲਾ ਬੰਦ ਕੀਤੀ ਅਫੀਮ ਤਿਆਰ ਕਰਨ ਵਾਲੀ ਫੈਕਟਰੀ ਪਾਕਿ ਸਰਕਾਰ ਨੇ ਫਿਰ ਚਾਲੂ ਕਰਨ ਦਾ ਲਿਆ ਫੈਸਲਾ

ਗੁਰਦਾਸਪੁਰ/ਲਾਹੌਰ 22 ਸਤੰਬਰ। ਪਾਕਿਸਤਾਨ 'ਚ ਨਸ਼ਿਆਂ ਦਾ ਬਹੁਤ ਜ਼ਿਆਦਾ ਰੁਝਾਨ ਵੱਧ ਜਾਣ ਕਾਰਨ ਪਾਕਿਸਤਾਨ ਸਰਕਾਰ ਨੇ ਲਾਹੌਰ ਸਥਿਤ ਏਸ਼ੀਆਂ ਦੀ ਸਭ ਤੋਂ ਵੱਡੀ ਅਫੀਮ ਤਿਆਰ ਕਰਨ ਵਾਲੀ ਫੈਕਟਰੀ ਨੂੰ 13 ਸਾਲ ਪਹਿਲਾਂ ਬੰਦ ਕਰ ਦਿੱਤਾ ਸੀ। ਉਦੋਂ ਇਸ ਫੈਕਟਰੀ ਨੂੰ ਇਹ ਕਹਿ ਕੇ ਬੰਦ ਕੀਤਾ ਗਿਆ ਸੀ, ਕਿ ਪਾਕਿਸਤਾਨ ਦੇ ਲੋਕ ਅਫੀਮ ਦੇ ਆਦਿ ਹੋ ਰਹੇ ਹਨ। ਸੂਤਰਾਂ ਅਨੁਸਾਰ ਇਸ ਫੈਕਟਰੀ ਨੂੰ ਇਕ ਮਹੀਨੇ ਦੇ ਅੰਦਰ ਫਿਰ ਤੋਂ ਸ਼ੁਰੂ ਕਰਨ ਦੀ ਤਿਆਰੀ ਕਰ ਲਈ ਗਈ ਹੈ ਅਤੇ ਇਸ ਫੈਕਟਰੀ ਦਾ ਕੰਟਰੋਲ ਆਬਕਾਰੀ ਤੇ ਕਰ ਵਿਭਾਗ ਦੇ ਅਧਿਕਾਰੀ ਦੇ ਕੋਲ ਰਹੇਗਾ। ਜਾਣਕਾਰੀ ਦੇ ਅਨੁਸਾਰ ਫੈਕਟਰੀ ਦਾ ਪ੍ਰਸ਼ਾਸ਼ਨਿਕ ਕੰਮ ਵਿਭਾਗ ਦੇ ਕੋਲ ਰਹੇਗਾ

ਅਤੇ ਆਬਕਾਰੀ ਤੇ ਕਰ ਵਿਭਾਗ ਦਾ ਲਾਹੌਰ ਦਾ ਕਮਿਸ਼ਨਰ ਇਸ ਦਾ ਮੈਨੇਜਰ ਹੋਵੇਗਾ। ਪੂਰੇ ਪਾਕਿਸਤਾਨ ਸਮੇਤ ਅਫਗਾਨਿਸਤਾਨ ਤੋਂ ਅਫੀਮ ਦੀ ਪੈਦਾਵਾਰ ਨੂੰ ਇਸ ਫੈਕਟਰੀ ਵਿਚ ਲਿਆਂਦਾ ਜਾਵੇਗਾ ਅਤੇ ਇਸ ਫੈਕਟਰੀ ਦੀ ਪ੍ਰਤੀਦਿਨ ਸਮਤਾ 640 ਕਿੱਲੋਂ ਹੋਵੇਗੀ ।ਪਹਿਲੀ ਬੈਚ ਜੁਲਾਈ ਮਹੀਨੇ 'ਚ ਤਿਆਰ ਹੋਵੇਗਾ। ਜਾਣਕਾਰੀ ਦੇ ਅਨੁਸਾਰ ਕਹਿਣ ਨੂੰ ਤਾਂ ਇਸ ਫੈਕਟਰੀ ਤੋਂ ਤਿਆਰ ਹੋਣ ਵਾਲੀ ਅਫੀਮ ਨੂੰ ਦਵਾਈਆਂ ਬਣਾਉਣ ਵਾਲੀਆਂ ਕੰਪਨੀਆਂ ਨੂੰ ਵੇਚਿਆ ਜਾਵੇਗਾ, ਪਰ ਅਸਲ ਵਿਚ ਇਸ ਫੈਕਟਰੀ ਵਿਚ ਅਫੀਮ ਦੇ ਇਲਾਵਾ ਹੈਰੋਇਨ ਆਦਿ ਵੀ ਤਿਆਰ ਕੀਤੀ ਜਾਣੀ ਹੈ ਜੋ ਭਾਰਤ ਵਿਚ ਤਸ਼ੱਕਰੀ ਕਰਕੇ ਭੇਜੀ ਜਾਵੇਗੀ। ਇਹੀ ਕਾਰਨ ਹੈ ਕਿ ਇਸ ਫੈਕਟਰੀ ਦਾ ਕੰਟਰੋਲ ਸਰਕਾਰ ਨੇ ਆਪਣੇ ਕੋਲ ਰੱਖਿਆ ਹੈ ਅਤੇ ਇਸ ਫੈਕਟਰੀ ਦੀ ਸੁਰੱਖਿਆ ਦੇ ਲਈ ਆਈ.ਐੱਸ.ਆਈ ਏਜੰਸੀ ਦੇ ਅਧਿਕਾਰੀ ਤਾਇਨਾਤ ਕੀਤੇ ਗਏ ਹਨ। ਸੂਤਰਾਂ ਅਨੁਸਾਰ ਇਸ ਫੈਕਟਰੀ ਦੇ ਲਈ ਅਫੀਮ ਦੀ ਕੱਚੀ ਫਸਲ ਅਫਗਾਨਿਸਤਾਨ ਦੀ ਸੀਮਾ ਤੋਂ ਲੈ ਕੇ ਆਉਣ ਦੀ ਜਿ?ਮੇਵਾਰੀ ਆਈ.ਐੱਸ.ਆਈ ਦੀ ਰਹੇਗੀ। ਉਹ ਟਰੱਕਾ ਤੋਂ ਅਫੀਮ ਦੀ ਖੇਤੀ ਲੈ ਕੇ ਲਾਹੌਰ ਆਏਗੀ। ਉਸ ਦੇ ਬਾਅਦ ਫੈਕਟਰੀ ਵਿਚ ਤਿਆਰ ਕੀਤੀ ਗਈ ਅਫੀਮ ਅਤੇ ਹੈਰੋਇਨ ਦਾ ਕੁਝ ਹਿੱਸਾ ਤਾਂ ਪਾਕਿਸਤਾਨ ਵਿਚ ਦਵਾਈ ਫੈਕਟਰੀਆਂ ਨੂੰ ਵੇਚਿਆ ਜਾਵੇਗਾ

ਪੁਲਸ ਵੱਲੋਂ ਲੁੱਟਖੋਹ ਕਰਨ ਵਾਲੇ ਅੰਤਰਰਾਜੀ ਗਿਰੋਹ ਦਾ ਪਰਦਾਫਾਸ਼, 2 ਮੈਂਬਰ ਕੀਤੇ ਕਾਬੂ

ਮਲੋਟ 22 ਸਤੰਬਰ। ਹਲਕਾ ਲੰਬੀ ਦੀ ਪੁਲਸ ਨੇ ਲੁੱਟਖੋਹ ਕਰਨ ਵਾਲੇ ਅੰਤਰਰਾਜੀ ਗਿਰੋਹ ਦਾ ਪਰਦਾਫਾਸ਼ ਕਰਕੇ ਦੋ ਮੈਂਬਰਾਂ ਨੂੰ ਕਾਬੂ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ। ਜਿ?ਲ੍ਹਾ ਪੁਲਸ ਵੱਲੋਂ ਦਿੱਤੀ ਜਾਣਕਾਰੀ ਅਨੁਸਾਰ ਰਾਜਪਾਲ ਸਿੰਘ ਆਈ.ਪੀ.ਐੱਸ. ਸੀਨੀਅਰ ਕਪਤਾਨ ਪੁਲਸ, ਸ੍ਰੀ ਮੁਕਤਸਰ ਸਾਹਿਬ ਦੇ ਦਿਸ਼ਾ ਨਿਰਦੇਸ਼ਾਂ ਹੇਠ ਅਤੇ ਬਲਕਾਰ ਸਿੰਘ ਡੀ.ਐੱਸ.ਪੀ ਮਲੋਟ ਦੀ ਯੋਗ ਅਗਵਾਈ ਹੇਠ ਗੈਰ ਸਮਾਜੀ ਅਨਸਰਾਂ ਵਿਰੁੱਧ ਚਲਾਈ ਮੁਹਿੰਮ ਤਹਿਤ ਐੱਸ.ਆਈ ਮਨਿੰਦਰ ਸਿੰਘ ਅਤੇ ਏ.ਐੱਸ.ਆਈ.ਗੁਰਮੀਤ ਸਿੰਘ ਸਮੇਤ ਟੀਮ ਨੇ ਇਕ ਕਾਰਵਾਈ ਤਹਿਤ ਜਿਵਤੇਸ਼ ਉਰਫ ਵਿੱਕੀ ਪੁੱਤਰ ਬਾਬੂ ਲਾਲ ਵਾਸੀ ਗਲੀ ਨੰਬਰ 12,ਵਾਰਡ ਨੰ. 16, ਮਲੋਟ ਅਤੇ ਲਵਪ੍ਰੀਤ ਸਿੰਘ ਉਰਫ ਲੱਬਾ ਪੁੱਤਰ ਜਰਨੈਲ ਸਿੰਘ ਵਾਸੀ ਛਾਪਿਆਂਵਾਲੀ ਨੂੰ ਗਿ੍ਫਤਾਰ ਕੀਤਾ ਹੈ। ਇਹ ਮੁਲਜਮ ਪੰਜਾਬ ਹਰਿਆਣਾ ਸਮੇਤ ਹੋਰਾਂ ਸੂਬਿਆਂ ਅੰਦਰ ਲੁੱਟ ਖੋਹ ਦੀਆਂ ਵਾਰਦਾਤਾਂ ਨੂੰ ਅੰਜਾਮ ਦੇ ਰਹੇ ਸਨ, ਜਿਸ ਸਬੰਧੀ ਦੋਵਾਂ ਮੁਲਜਮਾਂ ਵਿਰੁੱਧ ਥਾਣਾ ਲੰਬੀ ਵਿਖੇ ਮੁਕੱਦਮਾ ਦਰਜ ਰਜਿਸਟਰ ਕੀਤਾ ਹੈ। ਕਾਬੂ ਕੀਤੇ ਦੋਸ਼ੀਆਂ ਵਲੋਂ ਪੁੱਛਗਿਛ ਦੌਰਾਨ ਪਤਾ ਲੱਗਾ ਹੈ ਕਿ ਜਿਵਤੇਸ਼ ਉਰਫ ਵਿੱਕੀ ਉਕਤ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਦਿੱਲੀ ਤੋਂ ਇਕ ਕਾਰ ਬੁੱਕ ਕਰਵਾਈ ਸੀ ਜਿਸ ਦੇ ਡਰਾਈਵਰ ਤੋਂ ਜਿਵਤੇਸ਼ ਉਰਫ ਵਿੱਕੀ ਉਕਤ ਅਤੇ ਉਸ ਦੇ ਸਾਥੀਆਂ ਨੇ ਸਿਰਸਾ ਵਿਖੇ ਕਾਰ ਡਰਾਈਵਰ ਦੇ ਫਾਇਰ ਮਾਰ ਕੇ ਕਾਰ ਖੋਹ ਕਰ ਲਈ ਸੀ, ਜਿਸ ਸਬੰਧੀ ਇਨ੍ਹਾਂ ਖਿਲਾਫ ਜਿ?ਲ੍ਹਾ ਸਿਰਸਾ ਹਰਿਆਣਾ ਵਿਖੇ ਵੀ ਖੋਹ ਦਾ ਮੁਕੱਦਮਾ ਦਰਜ ਹੋਇਆ ਹੈ। ਉਕਤ ਖੋਹ ਕੀਤੀ ਕਾਰ ਪੁਲਸ ਪਾਰਟੀ ਨੂੰ ਪਿੰਡ ਤਰਮਾਲਾ ਤੋਂ ਬਰਾਮਦ ਹੋ ਗਈ ਸੀ ਅਤੇ ਲੰਬੀ ਪੁਲਸ ਨੇ ਉਕਤ ਕਾਰ ਸਬੰਧਤ ਥਾਣੇ ਦੇ ਹਵਾਲੇ ਕਰ ਦਿੱਤੀ। ਉਸ ਤੋਂ ਬਾਅਦ ਇਨ੍ਹਾਂ ਨੇ 4 ਫਰਵਰੀ ਨੂੰ ਪਿੰਡ ਭਾਈ ਕਾ ਕੇਰਾ ਤੋਂ ਖੇਮਾ ਖੇੜਾ ਵਾਲੇ ਰਸਤੇ ਵਿਚ ਸ਼ਵਿੰਦਰ ਸਿੰਘ ਪੁੱਤਰ ਗੁਰਨਾਮ ਸਿੰਘ ਵਾਸੀ ਬਲੋਚ ਕੇਰਾ ਕੋਲੋਂ ਉਸਦਾ ਮੋਬਾਈਲ ਫੋਨ ਖੋਹਿਆ ਸੀ। ਪੁਲਸ ਵੱਲੋਂ ਦੋਸ਼ੀਆਂ ਨੂੰ ਗਿ੍ਫਤਾਰ ਕਰਕੇ ਉਨ੍ਹਾਂ ਕੋਲੋਂ ਮੋਬਾਈਲ ਫੋਨ ਅਤੇ ਵਾਰਦਾਤ ਵਿੱਚ

ਵਰਤਿਆ ਬਿਨਾਂ ਨੰਬਰੀ ਮੋਟਰਸਾਈਕਲ ਵੀ ਬਰਾਮਦ ਕੀਤਾ ਹੈ। ਪੁਲਸ ਵੱਲੋਂ ਕਾਬੂ ਦੋਸ਼ੀਆਂ ਕੋਲੋਂ ਗਿਰੋਹ ਦੇ ਹੋਰ ਸਾਥੀਆਂ ਬਾਰੇ ਪੁੱਛਗਿਛ ਕੀਤੀ ਜਾ ਰਹੀ।

ਮੂੰਗੀ ਦੀ ਫਸਲ ਦਾ ਖਰੀਦ ਮੁੱਲ ਪੂਰਾ ਨਾ ਮਿਲਣ ਕਰਕੇ ਮਿੱਟੀ ਦੇ ਭਾਅ ਵੇਚਣ ਲਈ ਮਜਬੂਰ ਹੋਏ ਕਿਸਾਨ

ਚੰਡੀਗੜ੍ਹ 22 ਸਤੰਬਰ। ਪੰਜਾਬ ਵਿੱਚ ਬਹੁਤ ਸਾਰੇ ਕਿਸਾਨ ਮੂੰਗੀ

ਦੀ ਫਸਲ ਦੀ ਕਾਸ਼ਤ ਕਰਦੇ ਹਨ। ਉਕਤ ਕਿਸਾਨਾਂ ਨੂੰ ਆਪਣੀ ਫਸਲ ਦਾ ਪੂਰਾ ਖਰੀਦ ਮੁੱਲ ਨਹੀਂ ਮਿਲ ਰਿਹਾ, ਜਿਸ ਕਾਰਨ ਉਹ ਪਰੇਸ਼ਾਨ ਹੁੰਦੇ ਹਨ। ਫਸਲੀ ਵੰਨ-ਸੁਵੰਨਤਾ ਦੇ ਰਾਹ ਪੈਣ ਵਾਲੇ ਕਿਸਾਨ ਆਪਣੀ ਮੂੰਗੀ ਦੀ ਫਸਲ ਮਿੱਟੀ ਦੇ ਭਾਅ ਵੇਚਣ ਲਈ ਮਜਬੂਰ ਹੋ ਰਹੇ ਹਨ। ਭਾਵੇਂ ਪੰਜਾਬ ਸਰਕਾਰ ਫਸਲਾਂ ਦੀ ਵਿਭਿੰਨਤਾ ਅਤੇ ਧਰ

ਡਿਪਟੀ ਕਮਿਸ਼ਨਰ ਵੱਲੋਂ ਜ਼ਿਲ੍ਹੇ 'ਚ ਆਉਂਦੇ ਖਰੀਫ਼ ਸੀਜ਼ਨ ਦੀਆਂ ਤਿਆਰੀਆਂ ਦਾ ਜਾਇਜ਼ਾ

ਪਟਿਆਲਾ ਜ਼ਿਲ੍ਹੇ ਦੀਆਂ ਸਾਰੀਆਂ ਮੰਡੀਆਂ 'ਚ ਖਰੀਦ ਦੇ ਪੁਖਤਾ ਪ੍ਰਬੰਧ ਕੀਤੇ ਜਾਣ : ਡਾ. ਪ੍ਰੀਤੀ ਯਾਦਵ

ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਖਰੀਫ਼ ਸੀਜ਼ਨ ਦੌਰਾਨ ਝੋਨੇ ਦੀ ਖਰੀਦ ਲਈ ਕੀਤੇ ਪ੍ਰਬੰਧਾਂ ਦਾ ਖਰੀਦ ਏਜੰਸੀਆਂ ਪਾਸੋਂ ਜਾਇਜ਼ਾ ਲੈਂਦੇ ਹੋਏ।

ਪਟਿਆਲਾ, 22 ਸਤੰਬਰ
-ਅਮਰਜੀਤ ਸਿੰਘ ਲਾਂਬਾ-
-ਕੌਮੀ ਪੱਤ੍ਰਿਕਾ ਬਿਊਰੋ-

ਪਟਿਆਲਾ ਜ਼ਿਲ੍ਹੇ ਦੀਆਂ ਮੰਡੀਆਂ 'ਚ ਆਉਂਦੇ ਖਰੀਫ਼ ਸੀਜ਼ਨ ਦੌਰਾਨ 14.04 ਲੱਖ ਮੀਟ੍ਰਿਕ ਟਨ ਝੋਨੇ ਦੀ ਆਮਦ ਹੋਣ ਦੀ ਸੰਭਾਵਨਾ ਹੈ, ਜਿਸ ਲਈ ਬਾਰਦਾਨਾ, ਟ੍ਰਾਂਸਪੋਰਟ, ਭੰਡਾਰਨ ਸਮੇਤ ਲੋੜੀਂਦੇ ਪ੍ਰਬੰਧ ਤੇਜ਼ੀ ਨਾਲ ਮੁਕੰਮਲ ਕੀਤੇ ਜਾਣ ਦੇ ਆਦੇਸ਼ ਦਿੰਦਿਆਂ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਸਬੰਧਤ ਵਿਭਾਗਾਂ ਨੂੰ ਕਿਹਾ ਕਿ ਇਹ ਯਕੀਨੀ ਬਣਾਇਆ ਜਾਵੇ ਕਿ ਮੰਡੀਆਂ 'ਚ ਆਪਣੀ ਜਿਣਸ ਲੈਕੇ ਆਉਣ ਵਾਲੇ ਕਿਸਾਨ ਨੂੰ ਕਿਸੇ ਕਿਸਮ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ।

ਇਸ ਮੌਕੇ ਖਰੀਦ ਏਜੰਸੀਆਂ ਅਤੇ ਮੰਡੀ ਬੋਰਡ ਦੇ ਅਧਿਕਾਰੀਆਂ ਦੀ ਮੀਟਿੰਗ ਦੌਰਾਨ ਉਨ੍ਹਾਂ ਕਿਹਾ ਕਿ ਜ਼ਿਲ੍ਹੇ 'ਚ 109 ਮੰਡੀਆਂ ਖਰੀਦ ਕੇਂਦਰਾਂ ਵਜੋਂ ਅਧਿਸੂਚਿਤ ਕਰ ਦਿੱਤੀਆਂ ਗਈਆਂ ਹਨ ਅਤੇ ਆਰਜ਼ੀ ਖਰੀਦ ਕੇਂਦਰਾਂ ਦੀ ਸਥਾਪਤੀ ਨੂੰ ਅੰਤਮ ਰੂਪ ਦਿੱਤਾ ਜਾ ਰਿਹਾ ਹੈ, ਜੋ ਲੋੜ ਮੁਤਾਬਕ ਜਨਤਕ ਸਥਾਨਾਂ 'ਤੇ ਬਣਾਏ ਜਾਣਗੇ। ਉਨ੍ਹਾਂ ਕਿਹਾ ਕਿ ਇਹ ਵੀ ਯਕੀਨੀ ਬਣਾਇਆ ਜਾਵੇ ਕਿ ਸੀਜ਼ਨ ਦੌਰਾਨ ਆਮ ਲੋਕਾਂ ਨੂੰ ਆਵਾਜਾਈ ਵਿੱਚ ਕਿਸੇ ਕਿਸਮ ਦੀ ਦਿੱਕਤ ਪੇਸ਼ ਨਾ ਆਉਣ ਦਿੱਤੀ ਜਾਵੇ।

ਡਿਪਟੀ ਕਮਿਸ਼ਨਰ ਨੇ ਮੀਟਿੰਗ 'ਚ ਹਾਜ਼ਰ ਜ਼ਿਲ੍ਹਾ ਮੰਡੀ ਅਫ਼ਸਰ ਮਨਦੀਪ ਸਿੰਘ ਨੂੰ ਖਰੀਦ ਸੀਜ਼ਨ ਤੋਂ ਪਹਿਲਾਂ ਮੰਡੀਆਂ 'ਚ ਸਫ਼ਾਈ, ਪਾਣੀ, ਤਰਪਾਲਾਂ, ਲਾਈਟਾਂ ਤੇ ਹੋਰ ਲੋੜੀਂਦੇ ਪ੍ਰਬੰਧ ਮੁਕੰਮਲ ਕਰਨ ਲਈ ਆਖਿਆ। ਉਨ੍ਹਾਂ ਕਿਹਾ ਕਿ ਉਹ ਨਿਜੀ ਤੌਰ 'ਤੇ ਖਰੀਦ ਸ਼ੁਰੂ ਹੋਣ ਤੋਂ ਪਹਿਲਾਂ ਮੰਡੀਆਂ ਦਾ ਦੌਰਾ ਕਰਕੇ ਖਰੀਦ ਪ੍ਰਬੰਧਾਂ ਦਾ ਜਾਇਜ਼ਾ ਲੈਣਗੇ, ਇਸ ਲਈ ਮੰਡੀਆਂ 'ਚ ਸਫ਼ਾਈ, ਪੀਣ ਵਾਲੇ ਪਾਣੀ ਦੇ ਪ੍ਰਬੰਧ, ਬਾਥਰੂਮਾਂ ਦੀ ਸਫ਼ਾਈ, ਲਾਈਟਾਂ ਆਦਿ ਦੇ ਪ੍ਰਬੰਧ ਹੁਣੇ ਤੋਂ ਹੀ ਯਕੀਨੀ ਬਣਾਏ ਜਾਣ।

ਉਨ੍ਹਾਂ ਨੇ ਨਮੀ ਮਾਪਕ ਯੰਤਰਾਂ ਦੀ ਵਿਸ਼ੇਸ਼ ਤੌਰ 'ਤੇ 'ਕੈਲੀਬ੍ਰੇਸ਼ਨ' ਕਰਨ ਲਈ ਆਖਿਆ ਤਾਂ ਜੋ ਮੰਡੀਆਂ 'ਚ ਆਉਣ ਵਾਲੀ ਜਿਣਸ 'ਚ ਨਮੀ ਤੈਅ ਮਿਆਰਾਂ ਤੋਂ ਵੱਧ ਨਾ ਹੋਵੇ।

ਇਸ ਮੀਟਿੰਗ 'ਚ ਵਧੀਕ ਡਿਪਟੀ ਕਮਿਸ਼ਨਰ (ਜ) ਮੈਡਮ ਕੰਚਨ, ਐਸ.ਡੀ.ਐਮ. ਅਰਵਿੰਦ ਕੁਮਾਰ, ਜ਼ਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ ਡਾ. ਰਵਿੰਦਰ ਕੌਰ, ਮੁੱਖ ਖੇਤੀਬਾੜੀ ਅਫ਼ਸਰ ਜਸਵਿੰਦਰ ਸਿੰਘ, ਰਵਿੰਦਰਪਾਲ ਸਿੰਘ ਚੱਠਾ ਸਮੇਤ ਖਰੀਦ ਏਜੰਸੀਆਂ ਦੇ ਨੁਮਾਇੰਦੇ ਵੀ ਸ਼ਾਮਲ ਸਨ।

ਅੰਤਰ ਜ਼ਿਲ੍ਹਾ ਸਕੂਲ ਖੇਡਾਂ ਵਿੱਚ ਕੁਸ਼ਤੀ ਫ਼ਰੀ ਸਟਾਈਲ ਮੁਕਾਬਲੇ ਜਾਰੀ

ਸਕੂਲਾਂ ਵਿੱਚੋਂ ਕੁਸ਼ਤੀ ਪਹਿਲਵਾਨ ਵਿਦਿਆਰਥੀ ਬੜੇ ਉਤਸ਼ਾਹ ਨਾਲ ਭਾਗ ਲੈ ਰਹੇ ਹਨ: ਸੰਜੀਵ ਸ਼ਰਮ ਸਿੱਖਿਆ ਅਫ਼ਸਰ

ਪਟਿਆਲਾ, 22 ਸਤੰਬਰ
-ਅਮਰਜੀਤ ਸਿੰਘ ਲਾਂਬਾ-
-ਕੌਮੀ ਪੱਤ੍ਰਿਕਾ ਬਿਊਰੋ-

ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੀ ਰਹਿਨੁਮਾਈ ਹੇਠ ਦਫ਼ਤਰ ਡਾਇਰੈਕਟਰ ਸਕੂਲ ਸਿੱਖਿਆ ਪੰਜਾਬ ਸਪੋਰਟਸ ਬ੍ਰਾਂਚ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ 68ਵੀਆਂ ਅੰਤਰ ਜ਼ਿਲ੍ਹਾ ਸਕੂਲ ਖੇਡਾਂ 2024-25 ਤਹਿਤ ਕੁਸ਼ਤੀ ਦੇ ਅੰਡਰ 14 (ਲੜਕੇ ਅਤੇ ਲੜਕੀਆਂ) ਅਤੇ ਅੰਡਰ-19 (ਲੜਕੇ ਅਤੇ ਲੜਕੀਆਂ) ਦੇ ਮੁਕਾਬਲੇ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਸਿੱਖਿਆ ਪਟਿਆਲਾ ਸੰਜੀਵ ਸ਼ਰਮਾ ਅਤੇ ਡਾ: ਰਵਿੰਦਰਪਾਲ ਸਿੰਘ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਪਟਿਆਲਾ ਦੀ ਦੇਖ-ਰੇਖ ਹੇਠ ਕਰਵਾਏ ਜਾ ਰਹੇ ਹਨ।

ਇਸ ਸੰਬੰਧੀ ਜਾਣਕਾਰੀ ਦਿੰਦਿਆਂ ਡਾ: ਦਲਜੀਤ ਸਿੰਘ ਜ਼ਿਲ੍ਹਾ ਸਪੋਰਟਸ ਕੋਆਰਡੀਨੇਟਰ ਨੇ ਦੱਸਿਆ ਕਿ 68ਵੀਆਂ ਅੰਤਰ ਜ਼ਿਲ੍ਹਾ ਸਕੂਲ ਖੇਡਾਂ 2024-25 ਤਹਿਤ ਕੁਸ਼ਤੀ ਦੇ ਅੰਡਰ 14 (ਲੜਕੇ ਅਤੇ ਲੜਕੀਆਂ) ਅਤੇ ਅੰਡਰ-19 (ਲੜਕੇ ਅਤੇ ਲੜਕੀਆਂ) ਦੇ ਮੁਕਾਬਲਿਆਂ ਵਿੱਚ ਜ਼ਿਲ੍ਹਿਆਂ ਅਤੇ ਸਪੋਰਟਸ ਵਿੰਗਾਂ ਦੀਆਂ 25 ਟੀਮਾਂ ਵਿੱਚ 900 ਦੇ ਕਰੀਬ ਪਹਿਲਵਾਨ ਖਿਡਾਰੀ ਅਤੇ ਖਿਡਾਰਨਾਂ ਸਰਕਾਰੀ ਕੋ ਐਡ ਮਲਟੀਪਰਪਜ਼ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਪਟਿਆਲਾ ਵਿਖੇ ਭਾਗ ਲੈ ਰਹੇ ਹਨ। ਜ਼ਿਲ੍ਹਾ ਸਕੱਤਰ ਕਮ ਆਬਜ਼ਰਵਰ ਜ਼ਿਲ੍ਹਾ ਟੂਰਨਾਮੈਂਟ ਕਮੇਟੀ ਪਟਿਆਲਾ ਚਰਨਜੀਤ ਸਿੰਘ ਭੁੱਲਰ ਨੇ ਹੋਰ ਜਾਣਕਾਰੀ ਦਿੰਦਿਆਂ ਦੱਸਿਆ ਕਿ 17 ਤੋਂ 21 ਸਤੰਬਰ ਤੱਕ ਚੱਲ ਰਹੇ ਕੁਸ਼ਤੀ ਫ਼ਰੀ ਸਟਾਈਲ ਅੰਡਰ-14/19 (ਲੜਕੇ/ਲੜਕੀਆਂ) ਦੇ ਮੁਕਾਬਲੇ ਮਿਆਰੀ ਪ੍ਰਬੰਧਾਂ ਨਾਲ ਕਰਵਾਏ ਜਾ ਰਹੇ ਹਨ। ਮੈਡੀਕਲ ਟੀਮਾਂ ਅਤੇ ਹੋਰ ਲੋੜੀਂਦੀਆਂ ਸਹੂਲਤਾਂ ਦਾ ਵੀ ਪ੍ਰਬੰਧ ਕੀਤਾ ਗਿਆ ਹੈ। ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਸਿੱਖਿਆ ਪਟਿਆਲਾ ਸੰਜੀਵ ਸ਼ਰਮਾ ਨੇ ਦੱਸਿਆ ਕਿ ਬਾਹਰੋਂ ਆਈਆਂ ਟੀਮਾਂ ਦੇ ਪਹਿਲਵਾਨਾਂ, ਸਪੋਰਟ ਸਟਾਫ਼ ਅਤੇ ਆਫੀਸ਼ੀਅਲ ਦੇ ਰਹਿਣ ਅਤੇ ਖਾਣੇ ਦਾ ਪ੍ਰਬੰਧ ਵੀ ਸੁਚੱਜੇ ਢੰਗ ਨਾਲ ਕੀਤਾ ਗਿਆ ਹੈ। ਮੈਚ ਖਿਡਾਉਣ ਲਈ ਸੇਵਾਵਾਂ ਦੇ ਰਹੇ ਆਫੀਸ਼ਲ ਵੀ ਕੁਸ਼ਤੀ ਦੇ ਮਾਹਿਰ ਅਤੇ ਯੋਗਤਾ ਪ੍ਰਾਪਤ ਹਨ। ਇਸ ਮੌਕੇ ਹਰਮਨਦੀਪ ਕੌਰ ਸੈਕਸ਼ਨ ਅਫ਼ਸਰ, ਮਹਿੰਦਰ ਸਿੰਘ (ਇੰਸਪੈਕਟਰ) ਸੈਕਟਰੀ ਕੁਸ਼ਤੀ ਐਸੋਸੀਏਸ਼ਨ ਪਟਿਆਲਾ, ਕਮਲਜੀਤ ਸਿੰਘ, ਪ੍ਰਿੰਸੀਪਲ ਵਿਜੈ ਕਪੂਰ, ਪ੍ਰਿੰਸੀਪਲ ਜਸਪਾਲ ਸਿੰਘ ਸਕੂਲ ਆਫ਼ ਐਮੀਨੈਂਸ ਮੰਡੌਰ, ਬਿਕਰਮ ਸਿੰਘ ਪ੍ਰਿੰਸੀਪਲ ਸਕੂਲ ਆਫ਼ ਐਮੀਨੈਂਸ ਬਲਬੇੜਾ, ਅਮਿਤ ਕੁਮਾਰ ਹੈੱਡ ਮਾਸਟਰ, ਰਾਜਿੰਦਰ ਸਿੰਘ ਚਾਨੀ ਸਕਾਊਟ ਮਾਸਟਰ, ਹਰਦੀਪ ਸਿੰਘ ਸੋਢੀ ਸਮਾਜ ਸੇਵੀ ਪਟਿਆਲਾ, ਸੁਖਜੀਵਨ ਸਿੰਘ ਆਫੀਸ਼ਲ ਕਮ ਸਲੈਕਟਰ, ਅਰੁਣ ਕੁਮਾਰ, ਸਾਰਜ ਸਿੰਘ ਕੁਸ਼ਤੀ ਕੋਚ ਪਟਿਆਲਾ, ਪ੍ਰਭਦੇਵ ਸਿੰਘ ਤਰਨਤਾਰਨ, ਬਲਕਾਰ ਸਿੰਘ ਪੀਟੀਆਈ, ਹਰੀਸ਼ ਕੁਮਾਰ, ਗੁਰਪ੍ਰੀਤ ਸਿੰਘ, ਜਸਵਿੰਦਰ ਸਿੰਘ, ਮਮਤਾ ਰਾਣੀ, ਜਾਹਿਦਾ ਕੁਰੈਸ਼ੀ ਡੀਪੀਈ, ਕਿਸ਼ੋਰ ਕੁਮਾਰ ਹੁਸ਼ਿਆਰਪੁਰ, ਰਾਜੀਵ ਕੁਮਾਰ ਫ਼ਾਜ਼ਿਲਕਾ, ਸੁਦੇਸ਼ ਕੁਮਾਰ ਪਟਿਆਲਾ, ਅਮਨਿੰਦਰ ਸਿੰਘ ਬਾਬਾ, ਪਰਮਿੰਦਰ ਸਿੰਘ ਲੈਕਚਰਾਰ, ਰਾਜਿੰਦਰ ਸਿੰਘ ਹੈਪੀ, ਰਾਕੇਸ਼ ਕੁਮਾਰ ਪੀਟੀਆਈ, ਦਵਿੰਦਰ ਸਿੰਘ ਡੀਪੀਈ ਪਾਤੜਾਂ, ਰਾਜਪਾਲ ਸਿੰਘ ਲੈਕਚਰਾਰ, ਮੱਖਣ ਸਿੰਘ ਲੈਕਚਰਾਰ, ਗੁਰਨਾਮ ਸਿੰਘ ਲੈਕਚਰਾਰ, ਗੁਰਪ੍ਰੀਤ ਸਿੰਘ ਲੈਕਚਰਾਰ, ਰਾਜੇਸ਼ ਕੁਮਾਰ ਡੀਪੀਈ, ਗੁਰਪ੍ਰੀਤ ਸਿੰਘ, ਬਲਵਿੰਦਰ ਸਿੰਘ ਜੱਸਲ ਅਤੇ ਹੋਰ ਮੌਜੂਦ ਸਨ।

ਸਵੱਛਤਾ ਹੀ ਸੇਵਾ ਮੁਹਿੰਮ ਦੌਰਾਨ ਇੱਕ ਰੁੱਖ ਮਾਂ ਦੇ ਨਾਮ ਤਹਿਤ ਪੀ.ਡੀ.ਏ ਦੇ ਮੁੱਖ ਪ੍ਰਸ਼ਾਸਕ ਨੇ ਲਗਾਏ ਬੂਟੇ

ਪਟਿਆਲਾ, 22 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਰਾਜ ਦੇ ਸਵੱਛਤਾ ਹੀ ਸੇਵਾ-2024 ਦੇ ਐਕਸ਼ਨ ਪਲੈਨ ਹੇਠ ਉਲੇਕੇ ਗਏ ਪ੍ਰੋਗਰਾਮ ਨੂੰ ਮਨਾਉਂਦਿਆਂ ਇੱਕ ਰੁੱਖ ਮਾਂ ਦੇ ਨਾਮ ਤਹਿਤ ਪਟਿਆਲਾ ਵਿਕਾਸ ਅਥਾਰਿਟੀ ਦੇ ਮੁੱਖ ਪ੍ਰਸ਼ਾਸ਼ਕ ਮਨੀਸ਼ਾ ਰਾਣਾ ਨੇ ਅਰਬਨ ਅਸਟੇਟ ਵਿਖੇ ਬੂਟੇ ਲਗਾਏ।ਉਨ੍ਹਾਂ ਦੇ ਨਾਲ ਵਧੀਕ ਮੁੱਖ ਪ੍ਰਸ਼ਾਸ਼ਕ ਜਸ਼ਨਪ੍ਰੀਤ ਕੌਰ ਗਿੱਲ ਨੇ ਵੀ ਬੂਟੇ ਲਗਾਏ।

ਮਨੀਸ਼ਾ ਰਾਣਾ ਨੇ ਕਿਹਾ ਕਿ ਸਵੱਛ ਭਾਰਤ ਮਿਸ਼ਨ ਤਹਿਤ ਪੀ.ਡੀ.ਏ ਵੱਲੋਂ ਦੋ ਅਕਤੂਬਰ ਤੱਕ ਵੱਖ-ਵੱਖ ਪ੍ਰੋਗਰਾਮ ਉਲੀਕੇ ਗਏ ਹਨ ਅਤੇ ਰੋਜ਼ਾਨਾ ਹੀ ਗਤੀਵਿਧੀਆਂ ਕਰਦਿਆਂ ਸਵੱਛਤਾ ਹੀ ਸੇਵਾ ਦੀ ਕਾਰਜ ਯੋਜਨਾ ਉਪਰ ਅਮਲ ਕੀਤਾ ਜਾ ਰਿਹਾ ਹੈ।ਉਨ੍ਹਾਂ ਨੇ ਅਰਬਨ ਅਸਟੇਟ ਦੇ ਨਿਵਾਸੀਆਂ ਨੂੰ ਵੀ ਸਾਫ਼-ਸਫ਼ਾਈ ਰੱਖਣ ਤੇ ਬੂਟੇ ਲਾਉਣ ਦੀ ਅਪੀਲ ਕੀਤੀ।

ਇਸ ਦੌਰਾਨ ਅਰਬਨ ਅਸਟੇਟ, ਫੇਜ-2 ਵਿਖੇ ਸਪੈਸ਼ਲ ਪਾਰਕ ਅਤੇ ਫੇਜ-4 ਦੇ ਵਾਟਰ ਵਰਕਸ ਅਤੇ ਐਮ.ਆਰ.ਐਫ ਸੈਂਟਰ ਵਿਖੇ ਵੱਖ-ਵੱਖ ਕਿਸਮ ਦੇ ਬੂਟੇ ਲਗਾਏ ਗਏ।ਇਸ ਪਲਾਂਟੇਸ਼ਨ ਡਰਾਈਵ ਵਿੱਚ ਮੰਡਲ ਇੰਜੀਨੀਅਰ (ਜਸ) ਇੰਜੀ. ਰੰਜੀਵ ਮਾਨਕਟਾਲਾ ਦੇ ਨਾਲ-ਨਾਲ ਪੀ.ਡੀ.ਏ ਦੇ ਵੱਖ-ਵੱਖ ਵਿੰਗਜ਼ ਨਾਲ ਸਬੰਧਤ ਅਧਿਕਾਰੀ ਅਤੇ ਕਰਮਚਾਰੀ ਸ਼ਾਮਿਲ ਸਨ।ਇਹਨਾ ਸਾਰੇ ਅਧਿਕਾਰੀਆਂ ਵੱਲੋਂ ਇਹਨਾਂ ਲਗਾਏ ਗਏ ਬੂਟਿਆਂ ਦੀ ਸਾਂਭ-ਸੰਭਾਲ ਕਰਨ ਸਬੰਧੀ ਪ੍ਰਣ ਵੀ ਕੀਤਾ ਗਿਆ।

ਡੀ.ਜੀ.ਪੀ. ਪੰਜਾਬ ਗੌਰਵ ਯਾਦਵ ਨੇ ਘਰੇਲੂ ਹਿੰਸਾ ਦੇ ਪੀੜਤਾਂ ਦੀ ਪਛਾਣ ਕਰਨ ਅਤੇ ਉਨ੍ਹਾਂ ਦੀ ਸਹਾਇਤਾ ਲਈ 'ਸਾਂਝ ਰਾਹਤ ਪ੍ਰੋਜੈਕਟ' ਦੀ ਕੀਤੀ ਸ਼ੁਰੂਆਤ

ਚੰਡੀਗੜ੍ਹ, 22 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਘਰੇਲੂ ਹਿੰਸਾ ਤੋਂ ਪ੍ਰਭਾਵਿਤ ਔਰਤਾਂ ਦੇ ਸਸ਼ਕਤੀਕਰਨ ਵੱਲ ਇੱਕ ਮਹੱਤਵਪੂਰਨ ਕਦਮ ਚੁੱਕਦਿਆਂ, ਪੁਲਿਸ ਡਾਇਰੈਕਟਰ ਜਨਰਲ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਵੀਰਵਾਰ ਨੂੰ ਘਰੇਲੂ ਹਿੰਸਾ ਦੇ ਪੀੜਤਾਂ ਦੀ ਪਛਾਣ ਕਰਨ ਅਤੇ ਉਨ੍ਹਾਂ ਦੀ ਸਹਾਇਤਾ ਦੇ ਮੱਦੇਨਜ਼ਰ 'ਸਾਂਝ ਰਾਹਤ ਪ੍ਰੋਜੈਕਟ' ਦੀ ਸ਼ੁਰੂਆਤ ਕੀਤੀ। ਇਸ ਪ੍ਰੋਜੈਕਟ ਦਾ ਉਦੇਸ਼ ਘਰੇਲੂ ਹਿੰਸਾ ਦੇ ਪੀੜਤਾਂ ਨੂੰ ਸਸ਼ਕਤ ਕਰਨ ਲਈ ਜ਼ਰੂਰੀ ਮਨੋਵਿਗਿਆਨਕ-ਸਮਾਜਿਕ-ਕਾਨੂੰਨੀ ਸਹਾਇਤਾ ਪ੍ਰਦਾਨ ਕਰਨਾ ਅਤੇ ਉਹਨਾਂ ਨੂੰ ਹਿੰਸਾ-ਮੁਕਤ ਜੀਵਨ ਜਿਉਣ ਦੇ ਯੋਗ ਬਣਾਉਣਾ ਹੈ। ਇਹ ਪ੍ਰੋਜੈਕਟ, ਪੀੜਤਾਂ ਨੂੰ ਉਨ੍ਹਾਂ ਦੇ ਆਉਣ ਵਾਲੇ ਜੀਵਨ ਬਾਰੇ ਫੈਸਲਾ ਲੈਣ ਵਿੱਚ ਮਦਦ ਕਰਨ ਲਈ ਲੋੜੀਂਦੇ ਸਰੋਤਾਂ ਅਤੇ ਸੇਵਾਵਾਂ ਨਾਲ ਜੋੜਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਏਗਾ।

ਇਹ ਪ੍ਰੋਜੈਕਟ ਪੰਜਾਬ ਪੁਲਿਸ ਦੇ ਕਮਿਊਨਿਟੀ ਅਫੇਅਰਜ਼ ਡਿਵੀਜ਼ਨ (ਸੀਏਡੀ) ਅਤੇ ਨਈ ਸ਼ੁਰੂਆਤ, ਜੋ ਕਿ ਔਰਤਾਂ ਦੇ ਸਸ਼ਕਤੀਕਰਨ 'ਤੇ ਕੇਂਦਰਿਤ ਇੱਕ ਇੰਦੌਰ-ਅਧਾਰਤ ਐਨ.ਜੀ.ਓ. ਹੈ, ਦੇ ਵਿਚਕਾਰ ਇੱਕ ਸਾਂਝੀ ਪਹਿਲਕਦਮੀ ਹੈ, ਜਿਸ ਦੇ ਮੁੱਖ ਭਾਈਵਾਲਾਂ ਵਿੱਚ ਸਿਹਤ ਵਿਭਾਗ, ਸਮਾਜਿਕ ਸੁਰੱਖਿਆ ਅਤੇ ਮਹਿਲਾ ਤੇ ਬਾਲ ਵਿਕਾਸ ਵਿਭਾਗ, ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਅਤੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਸ਼ਾਮਲ ਹਨ।

ਸਿਹਤ ਤੇ ਪਰਿਵਾਰ ਭਲਾਈ ਪੰਜਾਬ ਦੇ ਸਕੱਤਰ ਕੁਮਾਰ ਰਾਹੁਲ ਨੇ ਇਸ ਮੌਕੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਸਪੈਸ਼ਲ ਡੀਜੀਪੀ ਕਮਿਊਨਿਟੀ ਅਫੇਅਰਜ਼ ਡਿਵੀਜ਼ਨ ਅਤੇ ਮਹਿਲਾ ਮਾਮਲੇ ਪੰਜਾਬ ਗੁਰਪ੍ਰੀਤ ਕੌਰ ਦਿਓ ਨੇ ਮਹਿਮਾਨਾਂ ਦਾ ਸਵਾਗਤ ਕੀਤਾ ਅਤੇ ਇਸ ਪਹਿਲਕਦਮੀ ਬਾਰੇ ਸੰਖੇਪ ਜਾਣਕਾਰੀ ਦਿੱਤੀ।

ਡੀਜੀਪੀ ਗੌਰਵ ਯਾਦਵ ਨੇ ਪੰਜਾਬ ਪੁਲਿਸ ਆਫੀਸਰਜ਼ ਇੰਸਟੀਚਿਊਟ ਤੋਂ ਇਸ ਪ੍ਰੋਜੈਕਟ ਦੀ ਸ਼ੁਰੂਆਤ ਕਰਦੇ ਹੋਏ ਦੱਸਿਆ ਕਿ ਸ਼ੁਰੂਆਤੀ ਤੌਰ 'ਤੇ ਇਸ ਪ੍ਰੋਜੈਕਟ ਨੂੰ ਸਿਵਲ ਹਸਪਤਾਲ, ਐਸ.ਏ.ਐਸ.ਨਗਰ ਵਿੱਚ ਇੱਕ ਪਾਇਲਟ ਪ੍ਰੋਗਰਾਮ ਵਜੋਂ ਸ਼ੁਰੂ ਕੀਤਾ ਗਿਆ ਹੈ ਅਤੇ ਫਿਰ ਇਸ ਦਾ ਸੂਬੇ ਭਰ 'ਚ ਵਿਸਥਾਰ ਕੀਤਾ ਜਾਵੇਗਾ।

ਉਨ੍ਹਾਂ ਕਿਹਾ ਕਿ 'ਸਾਂਝ ਰਾਹਤ' ਪਹਿਲਕਦਮੀ ਔਰਤਾਂ ਨੂੰ ਹਿੰਸਾ ਰਹਿਤ ਜੀਵਨ ਲਈ ਢੁਕਵੇਂ ਤੇ ਸੂਝਵਾਨ ਫੈਸਲੇ ਲੈਣ ਲਈ ਸ਼ਕਤੀ ਪ੍ਰਦਾਨ ਕਰੇਗੀ। ਉਨ੍ਹਾਂ ਕਿਹਾ ਕਿ ਘਰੇਲੂ ਹਿੰਸਾ ਦੇ ਪੀੜਤਾਂ ਦੀ ਪਛਾਣ ਕਰਨ ਅਤੇ ਸਹਾਇਤਾ ਕਰਨ ਲਈ ਸਿਵਲ ਹਸਪਤਾਲ, ਮੋਹਾਲੀ ਵਿਖੇ ਦੋ ਸਮਰਪਿਤ ਕਾਊਂਸਲਰ ਤਾਇਨਾਤ ਕੀਤੇ ਗਏ ਹਨ, ਜਿਸ ਨਾਲ ਹਿੰਸਾ ਤੋਂ ਪ੍ਰਭਾਵਿਤ ਔਰਤਾਂ ਲਈ ਸਹਾਇਤਾ ਸੇਵਾਵਾਂ ਵਿੱਚ ਮੌਜੂਦਾ ਘਾਟ ਨੂੰ ਪੂਰਾ ਕੀਤਾ ਜਾਵੇਗਾ।

ਜ਼ਿਕਰਯੋਗ ਹੈ ਕਿ ਇਸ ਪ੍ਰਾਜੈਕਟ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਲਈ, ਪੰਜਾਬ ਪੁਲਿਸ ਨੇ 25 ਅਪ੍ਰੈਲ, 2024 ਨੂੰ 'ਨਈ ਸ਼ੁਰੂਆਤ' ਨਾਲ ਸਮਝੌਤਾ ਸਹੀਬੱਧ ਕੀਤਾ ਸੀ।

ਹੋਰ ਜਾਣਕਾਰੀ ਦਿੰਦਿਆਂ ਸਪੈਸ਼ਲ ਡੀਜੀਪੀ ਗੁਰਪ੍ਰੀਤ ਕੌਰ ਦਿਓ ਨੇ ਕਿਹਾ ਕਿ ਇਹ ਪ੍ਰਾਜੈਕਟ ਘਰੇਲੂ ਹਿੰਸਾ ਦੇ ਪੀੜਤਾਂ ਨੂੰ ਬਿਹਤਰ ਤਾਲਮੇਲ ਨਾਲ ਸਹਾਇਤਾ ਪ੍ਰਦਾਨ ਕਰਨ ਅਤੇ ਘਰੇਲੂ ਹਿੰਸਾ ਦੀਆਂ ਪੀੜਤ ਔਰਤਾਂ ਨੂੰ ਲੋੜ ਅਧਾਰਤ ਸਹਾਇਤਾ ਲਈ ਸੰਸਥਾਵਾਂ ਅਤੇ ਵਿਅਕਤੀਆਂ ਦਾ ਨੈਟਵਰਕ ਬਣਾਉਣ ਵਿੱਚ ਮਦਦ ਕਰੇਗਾ। ਉਨ੍ਹਾਂ ਅੱਗੇ ਕਿਹਾ ਕਿ ਮਹਿਲਾ ਪੁਲਿਸ ਅਫਸਰਾਂ ਅਤੇ ਸਟੇਸ਼ਨ ਹਾਊਸ ਅਫਸਰਾਂ (ਐਸਐਚਓਜ਼) ਲਈ ਜਾਗਰੂਕਤਾ ਸਿਖਲਾਈ ਸੈਸ਼ਨ ਵੀ ਕਰਵਾਏ ਜਾ ਰਹੇ ਹਨ। ਦੱਸਣਯੋਗ ਹੈ ਕਿ ਅੱਜ ਐਸ.ਏ.ਐਸ.ਨਗਰ ਦੀ ਮਹਿਲਾ ਪੁਲਿਸ ਅਤੇ ਜ਼ਿਲ੍ਹੇ ਦੇ 10 ਐਸ.ਐਚ.ਓਜ਼ ਲਈ ਸਮੇਤ ਇੱਕ ਰੋਜ਼ਾ ਜਾਗਰੂਕਤਾ ਸਿਖਲਾਈ ਪ੍ਰੋਗਰਾਮ ਕਰਵਾਇਆ ਗਿਆ, ਜਦਕਿ ਭਲਕੇ ਸ਼ੁੱਕਰਵਾਰ ਨੂ

ਸ੍ਰੀ ਗੁਰੂ ਨਾਨਕ ਦੇਵ ਜੀ - ਜੀਵਨ ਤੇ ਵਿਚਾਰਧਾਰਾ

ਸੰਤ ਸੇਵਾ ਸਿੰਘ

ਜਿਸ ਸਮੇਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਸੰਸਾਰ ਵਿਚ ਪ੍ਰਕਾਸ਼ ਕੀਤਾ, ਉਸ ਸਮੇਂ ਹਿੰਦ ਵਾਸੀਆਂ ਦੀ ਰਾਜਨੀਤਕ, ਸਮਾਜਿਕ ਅਤੇ ਧਾਰਮਿਕ ਦਸ਼ਾ ਬੜੀ ਤਰਸਯੋਗ ਸੀ। ਰਾਜਨੀਤਕ ਤੌਰ ਤੇ ਸਾਰਾ ਹਿੰਦੁਸਤਾਨ ਵੱਖ-ਵੱਖ ਖੇਤਰਾਂ ਵਿਚ ਵੰਡਿਆ ਹੋਇਆ ਸੀ। ਇਕ ਖੇਤਰ ਦਾ ਰਜਵਾੜਾ ਦੂਸਰੇ ਨੂੰ ਵੇਖਣਾ ਪਸੰਦ ਨਹੀਂ ਕਰਦਾ ਸੀ। ਆਪਸੀ ਫੁਟ ਦੇ ਕਾਰਣ ਹਿੰਦੁਸਤਾਨ ਗੁਲਾਮਾਂ ਦਾ ਗੁਲਾਮ ਹੋ ਗਿਆ ਸੀ। ਹਰ ਪਾਸੇ ਬੇਚੈਨੀ ਹੀ ਬੇਚੈਨੀ ਫੈਲੀ ਹੋਈ ਸੀ। ਠਗੀ-ਠੋਰੀ, ਫਰੇਬ-ਧੋਖਾਧੜੀ, ਚਲਾਕੀ, ਮਕਾਰੀ ਦਾ ਬੋਲ ਬਾਲਾ ਸੀ। ਹਰ ਪਾਸੇ ਪਾਪ ਦੇ ਸੰਘਣੇ ਬੱਦਲ ਛਾਏ ਹੋਏ ਸਨ। ਜਿਨ੍ਹਾਂ ਰਾਜਿਆਂ ਨੇ ਪਰਜਾ ਦੀ ਰਖਵਾਲੀ ਕਰਨੀ ਸੀ, ਉਹ ਆਪ ਹੀ ਸ਼ੇਰਾਂ ਦਾ ਰੂਪ ਧਾਰ ਕੇ ਆਪਣੀ ਹੀ ਪਰਜਾ ਨੂੰ ਖਾ ਰਹੇ ਸਨ। ਅਹਿਲਕਾਰਾਂ ਦੀ ਬਿਰਤੀ ਕੁੱਤਿਆਂ ਵਰਗੀ ਹੋ ਚੁੱਕੀ ਸੀ। ਸਤਿਗੁਰੂ ਨਾਨਕ ਪਾਤਿਸ਼ਾਹ ਜੀ ਨੇ ਉਸ ਸਮੇਂ ਦੀ ਦਸ਼ਾ ਦਾ ਵਰਨਣ ਗੁਰਬਾਣੀ ਵਿਚ ਖੁਦ ਕੀਤਾ ਹੈ:

ਰਾਜੇ ਸੀਹ ਮੁਕਦਮ ਕੁਤੇ ॥
ਜਾਇ ਜਗਾਇਨਿ ਬੈਠੇ ਸੁਤੇ ॥
ਚਾਕਰ ਨਹਦਾ ਪਾਇਨਿ ਘਾਉ ॥
ਰਤੁ ਪਿਤੁ ਕੁਤਿਹੋ ਚਟਿ ਜਾਹੁ ॥

ਰਖਵਾਲੇ ਆਪਣੀ ਜ਼ਿੰਮੇਵਾਰੀ ਦਾ ਤਿਆਗ ਕਰਕੇ ਦਿਨ ਰਾਤ ਐਸ਼ਪ੍ਰਸਤੀ ਵਿਚ ਗਲਤਾਨ ਸਨ। ਪਰਜਾ ਬਿਲਕੁਲ ਬੇਸਹਾਰੀ ਹੋ ਕੇ ਬੇਬਸੀ ਦੀ ਦਸ਼ਾ ਵਿਚ ਜੂਝ ਰਹੀ ਸੀ। ਇਨਸਾਫ ਕਰਨ ਵਾਲੇ ਵੱਢੀ ਲੈ ਕੇ, ਸੱਚੇ ਦਾ ਹੱਕ ਝੂਠੇ ਨੂੰ ਦੇ ਦਿੰਦੇ ਸਨ। ਧਾਰਮਿਕ ਨਿਘਾਰ ਇੱਥੋਂ ਤਕ ਆ ਚੁੱਕਾ ਸੀ ਕਿ ਮਾਇਆ ਦੀ ਖਾਤਰ ਆਪਣੇ ਆਪ ਨੂੰ ਗੁਰੂ ਅਖਵਾਉਣ ਵਾਲੇ, ਚੇਲਿਆਂ ਦੇ ਘਰਾਂ ਵਿਚ ਜਾ ਕੇ ਉਨ੍ਹਾਂ ਦੇ ਕੰਨਾਂ ਵਿਚ ਉਪਦੇਸ਼ ਨੂੰ ਵੇਚਦੇ ਸਨ। ਇਸਤ੍ਰੀ-ਪੁਰਸ਼ ਦਾ ਸਤੀ-ਪਤੀ ਦਾ ਪਿਆਰ ਨਹੀਂ ਰਿਹਾ ਸੀ, ਕੇਵਲ ਮਾਇਆ ਦੀ ਖ਼ਾਤਰ ਹੀ ਸਬੰਧ ਸੀ। ਮਾਇਆ ਦੀ ਖ਼ਾਤਰ ਭਾਵੇਂ ਕੋਈ ਕਿਸੇ ਥਾਂ, ਕੁੱਥਾਂ ਤੁਰਿਆ ਫਿਰੇ, ਕੋਈ ਪੁੱਛਦਾ ਨਹੀਂ ਸੀ। ਉਸ ਸਮੇਂ ਹਰ ਪਾਸੇ ਪਾਪ ਦਾ ਹੀ ਵਰਤਾਰਾ ਵਰਤ ਰਿਹਾ ਸੀ।

ਸਤਿਗੁਰੂ ਨਾਨਕ ਪਾਤਿਸ਼ਾਹ ਜੀ ਦੇ ਫੁਰਮਾਨ ਅਨੁਸਾਰ ਉਸ ਸਮੇਂ ਕਿਹੋ ਜਿਹਾ ਅਧੋਗਤੀ ਦਾ ਵਰਤਾਰਾ ਹਰ ਪਾਸੇ ਵਰਤ ਰਿਹਾ ਸੀ। ਆਪ ਫੁਰਮਾਉਂਦੇ ਹਨ, ਰਾਜਿਆਂ ਨੇ ਕਸਾਈਆਂ ਦਾ ਰੂਪ ਧਾਰਨ ਕੀਤਾ ਹੋਇਆ ਸੀ। ਧਰਮ ਨਾਂ ਦੀ ਕੋਈ ਚੀਜ਼ ਹੀ ਨਹੀਂ ਦਿੱਸਦੀ ਸੀ। ਜਿਵੇਂ ਧਰਮ ਮਾਨੋਂ ਖੰਭ ਲਾ ਕੇ ਅਸਮਾਨੀ ਉੱਡ ਗਿਆ ਹੋਵੇ। ਹਰ ਪਾਸੇ ਕੂੜ ਕੁਸਤ ਦੀ ਕਾਲੀ ਬੋਲੀ ਰਾਤ ਛਾਈ ਹੋਈ ਸੀ। ਸੱਚ ਕਿਧਰੋਂ ਭਾਲਿਆਂ ਵੀ ਦਿਖਾਈ ਨਹੀਂ ਦਿੰਦਾ ਸੀ। ਹਰ ਪਾਸੇ ਹਉਮੈਂ ਹੀ ਪ੍ਰਧਾਨ ਸੀ, ਜਿਸ ਕਾਰਨ ਹਰ ਮਨੁੱਖ ਅਤਿਅੰਤ ਦੁੱਖਾਂ ਵਿਚ ਗ੍ਰਸਿਆ ਹੋਇਆ ਸੀ।

ਜਿਨ੍ਹਾਂ ਲੋਕਾਂ ਨੇ ਲੋਕਾਈ ਦੀ ਰੱਖਿਆ ਕਰਨਾ ਆਪਣਾ ਧਰਮ ਪ੍ਰਵਾਨਿਆ ਸੀ, ਉਹਾ ਵੀ ਆਪਣਾ ਧਰਮ ਛੱਡ ਕੇ ਦਿਲ ਹਾਰ ਬੈਠੇ ਸਨ ਅਤੇ ਮਲੇਸ਼ਾਂ ਦੀ ਬੋਲੀ ਬੋਲਦੇ ਸਨ।

ਸਾਰੀ ਲੋਕਾਈ ਜਾਤਾਂ ਪਾਤਾਂ ਵਿਚ ਵੰਡੀ ਹੋਈ ਸੀ। ਇੱਕ ਮਨੁੱਖ ਦੂਜੇ ਮਨੁੱਖ ਤੋਂ ਨਫ਼ਰਤ ਕਰਦਾ ਸੀ। ਇਕ ਫਿਰਕਾ ਦੂਜੇ ਨੂੰ ਵੱਢੂ-ਖਾਊ ਕਰਦਾ ਸੀ। ਧਾਰਮਿਕ ਕਰਮ ਕਾਂਢ ਕੇਵਲ ਵਿਖਾਵੇ ਦੇ ਹੀ ਰਹਿ ਗਏ ਸਨ।

ਸਾਰਾ ਧਰਮ ਕਰਮ ਮਾਇਆ ਦੀ ਖਾਤਰ ਹੀ ਹੁੰਦਾ ਸੀ। ਧਰਮ ਬਿਲਕੁਲ ਨਿਰਜਿੰਦ ਲੋਥ ਬਣ ਕੇ ਰਹਿ ਗਿਆ ਸੀ। ਧਰਮ ਦੇ ਠੇਕੇਦਾਰ ਕਹਿਲਾਉਣ ਵਾਲਿਆਂ ਦੀ ਕਿਹੋ ਜਿਹੀ ਦਸ਼ਾ ਹੋ ਗਈ ਸੀ। ਸਤਿਗੁਰ ਜੀ ਨੇ ਖੁਦ ਧਨਾਸਰੀ ਰਾਗ ਵਿਚ ਅੰਕਿਤ ਕੀਤੀ ਹੈ।

ਪਰਮੇਸ਼ਰ ਸਰੂਪ ਗੁਰੂ ਨਾਨਕ ਪਾਤਿਸ਼ਾਹ ਜੀ ਨੇ ਇਹੋ ਜਿਹੀ ਅਧਗੋਤੀ ਦੀ ਜਿਲ੍ਹਣ ਵਿਚੋਂ ਲੋਕਾਈ ਨੂੰ ਨਿਜਾਤ ਦਿਵਾਉਣ ਲਈ 20.10.1469 ਈ: (ਕੱਤਕ ਕੀ ਪੂਰਨਮਾਸ਼ੀ 1526 ਬਿਕਰਮੀ ਨੂੰ) ਰਾਏ ਭੋਇ ਦੀ ਤਲਵੰਡੀ (ਨਨਕਾਣਾ ਸਾਹਿਬ, ਜ਼ਿਲ੍ਹਾ ਸ਼ੇਖੂਪੁਰਾ, ਪਾਕਿਸਤਾਨ) ਵਿਖੇ ਅਵਤਾਰ ਧਾਰਿਆ।

ਆਪ ਜੀ ਨੇ ਛੋਟੀ ਆਯੂ ਤੋਂ ਹੀ ਜਿਸ ਕਾਰਜ ਵਾਸਤੇ ਆਗਮਨ ਕੀਤਾ ਸੀ ਉਸ ਕਾਰਜ ਕਰਨ ਦਾ ਬੀੜਾ ਚੁੱਕ ਲਿਆ। ਫੋਕੀਆਂ ਰੀਤਾਂ ਰਿਵਾਜਾਂ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ ਅਤੇ ਬੜੀ ਦਲੇਰੀ ਨਾਲ ਸੱਚ ਦੀ ਆਵਾਜ਼ ਨੂੰ ਬੁਲੰਦ ਕੀਤਾ।

ਮਨੁੱਖਤਾ ਨੂੰ *"ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥"* ਦਾ ਸਬਕ ਦ੍ਰਿੜ੍ਹ ਕਰਾਉਣ ਲਈ ਦਾਨੇ ਮਰਾਸੀ ਨੂੰ ਭਾਈ ਮਰਦਾਨਾ ਬਣਾ ਕੇ ਸੰਸਾਰ ਤਾਰਨ ਲਈ ਭਾਈਵਾਲ ਬਣਾਇਆ- ਦੇ ਪੂਰਨੇ ਪਾਉਣ ਵਾਸਤੇ ਆਪ ਜੀ ਦੇ ਨੇ ਖੁਦ ਗ੍ਰਹਿਸਤ ਧਰਮ ਨੂੰ ਧਾਰਨ ਕੀਤਾ।

ਆਪ ਨੇ ਪੂਰਨੇ ਪਾਉਣ ਵਾਸਤੇ ਪਹਿਲੀ ਉਮਰ ਵਿਚ ਮੋਦੀ ਖਾਨੇ ਦੀ ਬੜੀ ਤਨ ਦੇਹੀ ਨਾਲ ਨੌਕਰੀ ਕੀਤੀ ਅਤੇ ਆਖਰੀ ਉਮਰੇ ਖੇਤੀ ਕਰਨ ਦੀ ਕਿਰਤ ਕਰਕੇ ਵੰਡ ਛੱਕਣ ਅਤੇ ਨਾਮ ਜਪਣ ਦੇ ਅਸੂਲਾਂ ਤੇ ਬੜੀ ਦ੍ਰਿੜ੍ਹਤਾ ਨਾਲ ਪਹਿਰਾ ਦਿੱਤਾ।

ਰੱਜਿਆਂ ਨੂੰ ਰਜਾਉਣ ਦੀ ਪ੍ਰੰਪਰਾ ਤਾਂ ਪਹਿਲਾਂ ਤੋਂ ਚੱਲ ਰਹੀ ਸੀ। ਪਰ ਆਪ ਜੀ ਨੇ ਭੁਖਿਆਂ ਅਤੇ ਲੋੜਵੰਦਾਂ ਦੀ ਲੋੜ ਪੂਰੀ ਕਰਕੇ ਖਰਾ ਸੌਦਾ ਕਰਨ ਦੀ ਜਾਚ ਸਿਖਾਈ। ਭਾਵੇਂ ਇਸ ਖਰੇ ਸੌਦੇ ਨੂੰ ਕਰਨ ਲਈ ਆਪ ਜੀ ਨੂੰ ਪਿਤਾ ਜੀ ਦੀ ਕਰੋਪੀ ਦਾ ਸ਼ਿਕਾਰ ਹੋਣਾ ਪਿਆ।

ਆਪ ਜੀ ਨੇ ਸਾਰੇ ਭਾਰਤ ਵਰਸ਼ ਅਤੇ ਦੇਸ਼ਾਂ ਵਿਦੇਸ਼ਾਂ ਦਾ 24 ਸਾਲ ਪੈਦਲ ਰਟਨ ਕਰਕੇ, ਥਾਵਾਂ-ਥਾਵਾਂ ਤੇ ਪੁੱਜ ਕੇ ਸੱਚ ਧਰਮ ਦਾ ਪੈਗਾਮ ਲੋਕਾਈ ਨੂੰ ਬਖਸ਼ਿਸ਼ ਕੀਤਾ।

ਆਪ ਜੀ ਹਰਿਦੁਆਰ, ਜਗਨਨਾਥ, ਬੁੱਧ ਗਯਾ, ਦੁਆਰਕਾ, ਕੁਰਕਸ਼ੇਤਰ ਆਦਿ ਸਾਰੇ ਹਿੰਦੂ ਤੀਰਥਾਂ ਤੇ ਗਏ। ਬ੍ਰਾਹਮਣਾਂ ਨੂੰ ਫੋਕਟ ਕਰਮਾਂ ਦਾ ਤਿਆਗ ਕਰਕੇ ਅਮਲੀ ਜੀਵਨ ਜੀਉਣ ਅਤੇ ਸੱਚੇ-ਸੁੱਚੇ ਬ੍ਰਾਹਮਣ ਬਣਨ ਵਾਸਤੇ ਅਗਵਾਈ ਦਿੱਤੀ, ਕਿ ਨਿਰਾ ਅੰਨ ਦਾ ਤਿਆਗ ਕਰਕੇ ਭੁੱਖੇ ਰਹਿਣ ਨਾਲ ਕੁਝ ਨਹੀਂ ਬਣਨਾ। ਜੇ ਪ੍ਰਭੂ ਦਰ ਵਿਚ ਪ੍ਰਵਾਨਗੀ ਲੈਣੀ ਹੈ ਤਾਂ ਝੂਠ ਦੇ ਤਿਆਗੀ ਬਣੋ। ਸਰੀਰਕ ਇਸ਼ਨਾਨ ਕਰੋ, ਪਰ ਨਾਲ ਸੰਤੋਖੀ ਵੀ ਬਣੋ। ਨਿਰਾ ਸਰੀਰਕ ਸੁੱਚਮਤਾ ਕਰਨ ਨਾਲ ਆਤਮਾ ਪਵਿੱਤਰ ਨਹੀਂ ਹੋਣੀ। ਦਇਆ ਤੇ ਖਿਮਾ ਨੂੰ ਜੀਵਣ ਆਧਾਰ ਬਣਾ ਕੇ ਸੁਰਤ ਪ੍ਰਭੂ ਚਰਨਾਂ ਨਾਲ ਜੋੜ ਕੇ ਸ਼੍ਰੇਸ਼ਟ ਸਦਾਚਾਰੀ ਗੁਣਾਂ ਦੇ ਧਾਰਨੀ ਬਣੋ। ਤਦ ਤੁਸੀਂ ਬ੍ਰਾਹਮਣ ਕਹਿਲਾਉਣ ਦੇ ਹੱਕਦਾਰ ਹੋ।

ਬ੍ਰਾਹਮਣ ਅਖਵਾਉਣ ਲਈ ਸਮਸਤ ਸ੍ਰਿਸ਼ਟੀ ਵਿਚ ਬ੍ਰਹਮ ਦੀ ਜੋਤਿ ਵੇਖੋ। ਕਠਿਨ ਜਪ, ਤਪ ਕਰਨ ਦੀ ਥਾਂ ਤੇ ਸ਼੍ਰੇਸ਼ਠ ਕਰਮਾਂ ਦੇ ਧਾਰਨੀ ਬਣਕੇ, ਮਿੱਠਾ ਬੋਲਣਾ ਤੇ ਸੰਤੋਖੀ ਜੀਵਨ ਬਣਾਓ। ਪ੍ਰਭੂ ਦਰ ਦੀ ਪ੍ਰਵਾਨਗੀ ਲਈ ਮੋਹ ਮਾਇਆ ਦੀਆਂ ਫਾਹੀਆਂ ਤੋੜ ਕੇ ਮਾਇਆ ਵਿਚ ਨਿਰਲੇਪ ਜੀਵਨ ਬਤੀਤ ਕਰਕੇ ਹੀ ਬ੍ਰਾਹਮਣ ਕਹਿ ਸਕੋਗੇ।

ਸਤਿਗੁਰੂ ਜੀ ਮੁਸਲਮਾਨਾਂ ਦੇ ਗੜ੍ਹ, ਮੱਕੇ ਵਿਚ ਗਏ। ਆਪ ਜੀ ਨੇ ਉੱਥੇ ਵੀ "ਸਚੁ ਸੁਣਾਇਸੀ ਸਚ ਕੀ ਬੇਲਾ" ਦੇ ਪੂਰਨੇ ਵਾਹੇ। ਮੁਲਸਮਾਨਾਂ ਦੇ ਪੁੱਛ ਕਰਨ ਤੇ ਕਿ ਹਿੰਦੂ ਵੱਡੇ ਹਨ, ਕਿ ਮੁਸਲਮਾਨ? ਆਪ ਨੇ ਉਨ੍ਹਾਂ ਨੂੰ ਉੱਤਰ ਦਿਤਾ, ਵੱਡਾ ਉਹ ਜਿਸਦੇ ਕਰਮ ਚੰਗੇ ਹਨ। ਜਿਸ ਦੇ ਅਮਲ ਚੰਗੇ ਨਹੀਂ ਉਸ ਨੂੰ ਇਸ ਲੋਕ ਵਿਚ ਫਿਟਕਾਰਾਂ ਅਤੇ ਪ੍ਰਲੋਕ ਵਿਚ ਉਸਦੇ ਪੱਲੇ ਰੋਣਾ ਪਵੇਗਾ।

ਜੇ ਸੱਚੇ ਮੁਸਲਮਾਨ ਬਣਨਾ ਹੈ, ਅੱਲ੍ਹਾ ਦੀ ਦ੍ਰਿਸ਼ਟੀ ਵਿਚ ਪ੍ਰਵਾਨਗੀ ਪ੍ਰਾਪਤ ਕਰਨੀ ਹੈ ਫਿਰ ਪੰਜ ਨਿਵਾਜ਼ਾਂ ਦੇ ਨਾਲ-ਨਾਲ ਪੰਜ ਸੁਭ ਗੁਣ ਵੀ ਧਾਰਨ ਕਰੋ, ਸੱਚੇ ਨਾਮ ਦੀ ਕਮਾਈ ਕਰੋ, ਹੱਕ ਹਲਾਲ ਦੀ ਕਿਰਤ ਤੇ ਸ਼ਾਕਰ ਰਹਿ, ਵੰਡ ਕੇ ਛਕਣ ਦਾ ਸੁਭਾਅ ਧਾਰਨ ਕਰਕੇ ਮਨ ਨੂੰ ਪਵਿੱਤ੍ਰ ਕਰਨ ਦਾ ਜਤਨ ਕਰੋ। ਜਦੋਂ ਸ੍ਰੇਸ਼ਟ ਕਰਣੀ ਦਾ ਕਲਮਾਂ ਪੜ੍ਹੋਗੇ, ਖੁਦਾ ਤੁਹਾਨੂੰ ਰਹਿਮਤ ਦੀ ਨਿਗਾਹ ਨਾਲ ਨਿਵਾਜੇਗਾ।

ਗੁਰੂ ਨਾਨਕ ਪਾਤਿਸ਼ਾਹ, ਸੁਮੇਰ ਪਰਬਤ ਤੇ ਸਿੱਧਾਂ ਨੂੰ ਜਾ ਮਿਲੇ, ਸਿੱਧਾਂ ਨੂੰ ਵੀ ਸੰਤੋਖ ਦੇ ਧਾਰਨੀ ਬਣਨ ਵਾਸਤੇ ਪ੍ਰੇਰਨਾ ਦਿੱਤੀ। ਮੌਤ ਨੂੰ ਯਾਦ ਰੱਖਦੇ ਹੋਏ ਧਿਆਨ ਹਮੇਸ਼ਾਂ ਪ੍ਰਭੂ ਨਾਲ ਜੋੜੀ ਰੱਖਣ ਦੀ ਸਿਖਿਆ ਪ੍ਰਦਾਨ ਕੀਤੀ, ਕਿਉਂਕਿ ਜਿਸ ਨੂੰ ਆਪਣਾ ਅੰਤ ਯਾਦ ਰਹਿੰਦਾ ਹੈ ਉਹ ਅਨੰਤ ਨੂੰ ਕਦੇ ਨਹੀਂ ਭੁਲਦਾ। ਸੱਚਾ ਜੋਗੀ ਬਣਨ ਵਾਸਤੇ ਪ੍ਰਭੂ ਉੱਤੇ ਅਟਲ ਵਿਸ਼ਵਾਸ ਦੇ ਧਾਰਨੀ ਬਣਨਾ ਲਾਜ਼ਮੀ ਹੈ। ਵਿਕਾਰਾਂ ਵਲੋਂ ਬਿਰਤੀ ਤੋੜ ਕੇ ਹਮੇਸ਼ਾਂ ਮਨ ਨੂੰ ਆਪਣੇ ਕਾਬੂ ਵਿਚ ਰੱਖ ਕੇ ਜਿਹੜਾ ਸਮ-ਬਿਰਤੀ ਵਿਚ ਵਿਚਰਦਾ ਹੈ, ਐਸਾ ਜੋਗੀ ਹਰ ਕਿਸੇ ਨੂੰ ਨਮਸਕਾਰ ਨਹੀਂ ਕਰਦਾ, ਉਹ ਬੇਪ੍ਰਵਾਹ ਹੋ ਕੇ ਆਦਿ ਅਨੀਲ ਅਬਿਨਾਸੀ ਜੁਗਾਂ-ਜੁਗੰਤਰਾਂ ਤੋਂ ਇਕ ਰਸ ਪ੍ਰਭੂ ਨੂੰ ਹਮੇਸ਼ਾਂ ਨਮਸਕਾਰ ਕਰਦਾ ਹੈ। ਉਸ ਦੀ ਪ੍ਰਭੂ ਦਰ ਰੀਸਾਈ ਹੋ ਜਾਂਦੀ ਹੈ।

ਗੁਰੂ ਨਾਨਕ ਪਾਤਿਸ਼ਾਹ ਮਲਕ ਭਾਗੋ, ਦੁਨੀਚੰਦ, ਹਮੀਦ ਕਾਰੂ ਵਰਗਿਆਂ ਪਾਸ ਵੀ ਗਏ। ਉਨ੍ਹਾਂ ਨੂੰ ਵੀ ਮਾਰਗ ਦਰਸ਼ਨ ਕੀਤਾ ਕਿ ਜ਼ਿੰਦਗੀ ਦਾ ਮਨੋਰਥ ਨਿਰਾ ਮਾਇਆ ਇਕੱਤਰ ਕਰਨਾ ਹੀ ਨਹੀਂ ਹੈ, ਜ਼ਿੰਦਗੀ

ਦਾ ਮਨੋਰਥ ਆਪਣੇ ਮੂਲ ਨਾਲ ਜੋੜਨਾ ਹੈ। ਸੰਸਾਰ ਦੇ ਵਰਤੋਂ ਵਲੇਵੇਂ ਵਾਸਤੇ ਮਾਇਆ ਚਾਹੀਦੀ ਹੈ ਪਰ ਲੋੜ ਤੋਂ ਵੱਧ ਦੁੱਖਾਂ ਦਾ ਕਾਰਣ ਬਣਦੀ ਹੈ। ਮਨੁੱਖ ਪਾਪ ਕਰਮਾਂ ਦੁਆਰਾ ਮਾਇਆ ਇਕੱਤਰ ਕਰਦਾ ਹੈ।

ਪਰ ਅੰਤ ਸਮੇਂ ਮਾਇਆ ਇੱਥੇ ਹੀ ਰਹਿ ਜਾਂਦੀ ਹੈ ਅਤੇ ਮਨੁੱਖ ਦੇ ਪੱਲੇ ਪਛਤਾਵਾ ਹੀ ਪੈਂਦਾ ਹੈ। ਮਾਇਆ ਉਸ ਦੇ ਜੀਵਨ ਪੰਧ ਵਿਚ ਰੁਕਾਵਟ ਨਹੀਂ ਬਣਦੀ ਜਿਹੜਾ ਮਾਇਆ ਦੀ ਹਿਰਸ ਦਾ ਤਿਆਗ ਕਰ ਦਿੰਦਾ ਹੈ। ਜਿੱਥੇ ਸਤਿਗੁਰ ਜੀ ਮਾਇਆ ਧਾਰੀਆਂ ਪਾਸ ਉਨ੍ਹਾਂ ਨੂੰ ਮਾਇਆ ਦੇ ਰੁੰਗਲ ਵਿਚੋਂ ਕਢੱਣ ਵਾਸਤੇ ਗਏ, ਉੱਥੇ ਗੁਰਦੇਵ ਮਾਇਆ ਤੋਂ ਅਤੀਤ ਸਿੱਧਾਂ ਜੋਗੀਆਂ ਉਦਾਸੀਆਂ, ਬ੍ਰਾਹਮਣਾਂ ਅਤੇ ਮੁਸਲਮਾਨ ਸਾਧਕਾਂ ਪਾਸ ਵੀ ਗਏ। ਸੱਜਣ ਠੱਗ, ਭੂਮੀਏ ਚੋਰ, ਕੌਡੇ ਰਾਕਸ਼ ਵਰਗਿਆਂ ਪਾਸ ਜਾ ਕੇ ਉਨ੍ਹਾਂ ਨੂੰ ਵੀ ਕੂੜ-ਕੁਸੱਤ, ਠੱਗੀ-ਠੋਰੀ, ਵਲ-ਛੱਲ ਦਾ ਤਿਆਗ ਕਰਕੇ ਸੱਚੀ ਸਿਖਿਆ ਪ੍ਰਦਾਨ ਕਰ ਸ੍ਰੇਸ਼ਟ ਜੀਵਨ ਦੇ ਧਾਰਨੀ ਬਣਾਇਆ।

ਸਰਬ ਮਨੁੱਖਤਾ ਦੇ ਰਹਿਬਰ ਗੁਰੂ ਨਾਨਕ ਪਾਤਿਸ਼ਾਹ ਜੀ, ਸਭ ਤੋਂ ਪਹਿਲਾਂ ਗਰੀਬ ਕਿਰਤੀ ਭਾਈ ਲਾਲੋ ਦੇ ਘਰ ਗਏ। ਉੱਥੇ ਸਮੂਹ ਕਿਰਤੀਆਂ ਨੂੰ ਵੀ ਉਪੇਦਸ਼ ਕੀਤਾ ਕਿ ਸਾਰੀ ਉਮਰ ਪੇਟ ਪੂਰਤੀ ਦੀ ਖਾਤਰ ਕਿੱਲੇ ਵੀ ਨਹੀਂ ਘੜੀ ਜਾਣੇ, ਪ੍ਰਭੂ ਦਰ ਵਿਚ ਪ੍ਰਵਾਨਗੀ ਲਈ ਮਨ ਨੂੰ ਵੀ ਘੜਨ ਦੀ ਅਤਿਅੰਤ ਲੋੜ ਹੈ। ਕਿਰਤ ਦੇ ਸਮੇਂ ਵਿਚੋਂ ਸਮਾਂ ਕੱਢ ਕੇ ਅਤੇ ਕਿਰਤ ਕਰਦੇ-ਕਰਦੇ ਨਾਮ ਜੱਪਣ ਨਾਲ ਮਨ ਨੂੰ ਸ਼ਬਦ ਦੀ ਟਕਸਾਲ ਵਿਚ ਘੜਨਾ ਹੈ ਅਤੇ *"ਘੜੀਐ ਸਬਦੁ ਸਚੀ ਟਕਸਾਲ"* ਦੇ ਧਾਰਨੀ ਬਣਨਾ ਹੈ।

ਸੱਚ ਦਾ ਹੋਕਾ ਘਰ-ਘਰ, ਥਾਵਾਂ-ਥਾਵਾਂ, ਦੇਸ਼ਾਂ-ਵਿਦੇਸ਼ਾਂ ਵਿਚ ਪਹੁੰਚਾਇਆ। ਆਪ ਨੇ ਆਚਾਰ, ਬਿਉਹਾਰ, ਕਿਰਦਾਰ, ਸਦਾਚਾਰ ਨੂੰ ਸੱਚ ਦੇ ਸੰਚੇ ਵਿਚ ਢਾਲਣ ਲਈ *"ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥"* ਦਾ ਸਿਧਾਂਤ ਲੋਕਾਈ ਨੂੰ ਬਖਸ਼ਿਆ। ਆਪ ਜੀ ਦੇ ਪ੍ਰਚਾਰੇ ਹੋਏ ਸੱਚ ਨੂੰ ਆਪ ਜੀ ਨੇ ਜੀਵਨ ਕਾਲ ਵਿਚ ਹੀ ਕਈ ਕ੍ਰੋੜਾਂ ਲੋਕਾਂ ਨੇ ਧਾਰਨ ਕਰ ਲਿਆ।

ਜਿਸ ਸਦਕਾ ਜਿੱਥੇ ਪੰਜਾਬ ਅਤੇ ਭਾਰਤਵਾਸੀ ਗੁਰੂ ਨਾਨਕ ਪਾਤਿਸ਼ਾਹ ਜੀ ਨੂੰ ਸਤਿਗੁਰੂ ਸੱਚੇ ਪਾਤਿਸ਼ਾਹ ਦੇ ਲਕਬ ਨਾਲ ਸਤਿਕਾਰਦੇ ਹਨ, ਉੱਥੇ ਅਰਬ ਦੇਸ਼ਾਂ ਵਿਚ ਪੀਰ ਬਾਬਾ ਨਾਨਕ ਸ਼ਾਹ ਦੇ ਨਾਮ ਨਾਲ ਆਪ ਨੂੰ ਯਾਦ ਕੀਤਾ ਜਾਂਦਾ ਹੈ। ਤਿੱਬਤੀ ਲੋਕ, ਨਾਨਕ ਲਾਮਾ ਜਾਂ ਭਦਰਾ ਗੁਰੂ ਕਹਿੰਦੇ ਹਨ। ਲੰਕਾ ਦੇ ਵਸਨੀਕ ਆਪ ਜੀ ਦੀ ਸਖਸ਼ੀਅਤ ਨੂੰ ਨਾਨਕ ਬੁੱਧਾ ਜਾ ਨਾਨਾ ਬੁਧਾ ਕਹਿ ਕੇ ਆਪਣੀ ਸ਼ਰਧਾ ਭੇਟ ਕਰਦੇ ਹਨ। ਰੂਸ ਆਦਿ ਦੇਸ਼ਾਂ ਵਿਚ ਆਪ ਨੂੰ ਵਲੀ ਹਿੰਦ ਬਾਬਾ ਨਾਨਕ ਸ਼ਾਹ ਕਹਿ ਕੇ ਸਨਮਾਨਿਆ ਜਾਂਦਾ ਹੈ। ਵੀਅਤਨਾਮ, ਮੰਗੋਲੀਆ, ਚੀਨ ਆਦਿ ਦੇਸ਼ਾਂ ਵਿਚ ਆਪ ਜੀ ਨੂੰ ਨਾਨਕ ਭੁਸਾ ਕਹਿ ਕੇ ਵਡਿਆਈ ਦਿੱਤੀ ਜਾਂਦੀ ਹੈ। ਭੁਟਾਨ, ਨੇਪਾਲ, ਸਿਕਮ ਵਿਚ ਲੋਕ ਆਪ ਨੂੰ ਅਥਾਹ ਸ਼ਰਧਾ ਪਿਆਰ ਨਾਲ *"ਰਿਮਪੋਜੇ"* ਰਿਮਪੋਜੀ ਲਕਬ ਨਾਲ ਯਾਦ ਕਰਕੇ ਆਪਣੀ ਦਿਲੀ ਅਕੀਦਤ ਭੇਟ ਕਰਦੇ ਹਨ। ਉਸੇ ਸਮੇਂ ਤੋਂ ਆਪ ਜੀ ਦੇ ਸਤਿਕਾਰ ਵਿਚ ਸਥਾਨਕ ਲੋਕਾਂ ਨੇ ਝੀਲਾਂ, ਤਲਾਵਾਂ, ਕੁੰਡਾਂ, ਸਰੋਵਰਾਂ, ਚਸ਼ਮਿਆਂ, ਥਾਵਾਂ ਤੇ ਸ਼ਹਿਰਾਂ ਤਦੇ ਨਾਉਂ ਵੀ ਆਪ ਜੀ ਦੇ ਨਾਉਂ ਤੇ ਰੱਖ ਕੇ ਸਦੀਵੀਂ ਯਾਦਾਂ ਕਾਇਮ ਕੀਤੀਆਂ ਹੋਈਆਂ ਹਨ। ਆਪ ਜੀ ਸਰਬ ਸਾਂਝੇ ਸਮੁਚੀ ਮਨੁੱਖਤਾ ਦੇ ਰਹਿਬਰ ਸਨ। ਆਪ ਸਭ ਨਾਲ ਪਿਆਰ ਕਰਦੇ ਅਤੇ ਸਰਬ ਦਾ ਭਲਾ ਲੋਚਦੇ ਸਨ। ਜਿਸ ਸਦਕਾ ਸੁਮੱਚੀ ਮਾਨਵਤਾ ਗੁਰੂ ਨਾਨਕ ਪਾਤਿਸ਼ਾਹ ਜੀ ਨੂੰ ਆਪਣਾ ਰਹਿਬਰ, ਆਪਣਾ ਗੁਰੂ, ਆਪਣਾ ਪੀਰ, ਆਪਣਾ ਮੁਰਸ਼ਦ ਤਸਲੀਮ ਕਰਦੀ ਸੀ। ਇਸ ਦੀ ਉਦਾਹਰਣ ਉਸ ਸਮੇਂ ਦੀ ਹੈ ਜਦੋਂ ਆਪ ਜੀ ਨੇ ਆਪਣੀ ਆਤਮਿਕ ਜੋਤਿ ਬਾਬਾ ਲਹਿਣਾ ਜੀ ਵਿਚ ਧਰ ਕੇ ਫੁਰਮਾਇਆ *"ਬਾਬਾ ਮੜੀ ਨ ਗੋਰ ਗੁਰ ਅੰਗਦ ਦੇ ਹੀਏ ਮੇ"* ਆਪਣਾ ਸਰੀਰ ਅਲੋਪ ਕਰਨ

ਮਨੁੱਖਤਾ ਨੂੰ ਸੇਧ ਦਿੰਦੇ ਨੇ ਸਾਹਿਤ ਤੇ ਕਾਨੂੰਨ

ਮੋਹਨ ਲਾਲ ਫਿਲੌਰੀਆ

• ਹਰਮੀਤ ਸਿੰਘ ਅਟਵਾਲ
98155-05287

ਕਹਾਣੀਆਂ ਲਿਖਦਾ-ਲਿਖਦਾ ਮੋਹਨ ਲਾਲ ਫਿਲੌਰੀਆ ਵਕੀਲ ਬਣ ਗਿਆ। ਇਸ ਸਮੇਂ ਜਲੰਧਰ ਦੀ ਕਚਹਿਰੀ 'ਚ ਵਕਾਲਤ ਕਰਦਾ ਹੈ। ਪੰਜਾਬੀ 'ਚ ਉਸ ਦੇ ਪੰਜ ਕਹਾਣੀ ਸੰਗ੍ਰਹਿ- 'ਸਰਕਾਰੀ ਵਰਦੀ', 'ਲਾਗੀ', 'ਮਿੱਟੀ ਦਾ ਬੋਝ', 'ਮੋਚੀ ਦਾ ਪੁੱਤ' ਅਤੇ 'ਕੱਚਾ ਮਾਸ' ਛਪ ਚੁੱਕੇ ਹਨ। ਕਹਾਣੀਆਂ ਦੀ ਇਕ ਪੁਸਤਕ 'ਮੋਚੀ ਕਾ ਬੇਟਾ' ਹਿੰਦੀ 'ਚ ਵੀ ਅਨੁਵਾਦ ਹੋ ਕੇ ਛਪੀ ਹੈ। ਕਹਾਣੀ 'ਮੋਚੀ ਦਾ ਪੁੱਤ' 'ਤੇ ਭਾਅ ਜੀ ਗੁਰਸ਼ਰਨ ਸਿੰਘ ਨਾਟਕ ਖੇਡਦੇ ਰਹੇ। ਅਜੇ ਵੀ ਪ੍ਰਗਤੀ ਕਲਾ ਕੇਂਦਰ ਲਾਂਦੜਾ ਵਾਲੇ ਕਹਾਣੀ 'ਮੋਚੀ ਦਾ ਪੁੱਤ' 'ਤੇ ਨਾਟਕ ਖੇਡਦੇ ਹਨ। ਉਨ੍ਹਾਂ ਨੇ ਇਸ ਕਹਾਣੀ 'ਤੇ ਅਧਾਰਤ ਟੈਲੀ ਫਿਲਮ ਵੀ ਬਣਾਈ ਜਿਹੜੀ ਕਿ ਦੇਸ਼ ਵਿਦੇਸ਼ 'ਚ ਸਲਾਹੀ ਗਈ। ਉਨ੍ਹਾਂ ਨੂੰ ਕਚਹਿਰੀ 'ਚ ਮਿਲਣ ਗਏ ਤਾਂ ਉਹ ਕੋਰਟ ਦੇ ਬਾਹਰ ਇਕ ਬੋਹੜ ਦੇ ਦਰਖ਼ਤ ਥੱਲੇ ਬੈਠੇ ਹਵਾ ਖਾ ਰਹੇ ਸਨ। ਬੋਹੜ ਦੇ ਨਾਲ ਇਕ ਪਿੱਪਲ ਦਾ ਦਰੱਖਤ ਵੀ ਹੈ।

ਪਹਿਲਾਂ ਚੁੱਪ ਰਹੇ ਫਿਰ ਬੋਲੇ ਕਿ ਸੁਣਦੇ ਹਾਂ ਮਹਾਤਮਾ ਬੁਧ ਨੂੰ ਬੋਹੜ ਦੇ ਪੇੜ ਥੱਲੇ ਗਿਆਨ ਹੋਇਆ ਸੀ ਸ਼ਾਇਦ ਏਥੋਂ ਗਿਆਨ ਮੈਨੂੰ ਵੀ ਮਿਲ ਜਾਵੇ। ਦੂਸਰਾ ਆਹ ਪਿੱਪਲ ਦਾ ਦਰੱਖਤ ਬਹੁਤ ਸਾਫ਼ ਸੁਥਰੀ ਹਵਾ ਦਿੰਦਾ ਹੈ। ਤੀਸਰਾ ਔਹ ਦੇਖੋ ਦੁਨੀਆ ਤੁਰੀ ਜਾਂਦੀ ਹੈ ਅਦਾਲਤਾਂ ਵੱਲ ਨੂੰ। ਔਰਤਾਂ, ਮਰਦ, ਕੁੜੀਆਂ, ਮੁੰਡੇ, ਪੁਲਸੀਏ ਦੌੜੇ ਜਾ ਰਹੇ ਹਨ। ਅੰਦਰ ਆਵਾਜ਼ਾਂ ਪੈ ਰਹੀਆਂ ਹਨ- ਮੈਂ ਬਨਾਮ ਤੂੰ- ਤੂੰ ਬਨਾਮ ਮੈਂ- ਪਿਓ-ਪੁੱਤ ਦੇ ਝਗੜੇ ਹਨ। ਭਰਾਵਾਂ-ਭਰਾਵਾਂ ਅਤੇ ਭੈਣਾਂ-ਭੈਣਾਂ ਦੇ ਝਗੜੇ ਹਨ। ਚਿੱਟੇ ਦਾ ਰੌਲਾ ਹੈ ਕਾਲੇ ਦਾ ਰੌਲਾ ਹੈ - ਜਾਤਾਂ ਪਾਤਾਂ ਦੇ ਝਗੜੇ ਹਨ। ਪੇਸ਼ ਹੈ ਉਨ੍ਹਾਂ ਨਾਲ ਹੋਈ ਗੱਲਬਾਤ :

- **ਇਹ ਵਕੀਲ ਬਣਨ ਦਾ ਸਬੱਬ ਕਿਵੇਂ ਬਣਿਆ?**

ਇਹ ਵੀ ਅਜੀਬ ਇਤਫਾਕ ਹੈ। ਮੈਂ ਸੱਤ ਜਗ੍ਹਾ 'ਤੇ 40 ਸਾਲ ਨੌਕਰੀ ਕਰ ਕੇ ਰਿਟਾਇਰ ਹੋ ਕੇ 60 ਸਾਲ ਦੀ ਉਮਰ 'ਚ ਵਕੀਲ ਬਣਿਆ। ਵਕੀਲ ਬਣਨ ਤੋਂ ਪਹਿਲਾਂ ਮੈਂ ਬੈਂਕ ਦਾ ਮੈਨੇਜਰ ਸੀ। ਮੈਨੇਜਰ ਤੋਂ ਪਹਿਲਾਂ ਮੈਂ ਪੰਜਾਬ ਸਰਕਾਰ ਦਾ ਬਾਬੂ (ਕਲਰਕ) ਸੀ। ਕਲਰਕ ਬਣਨ ਤੋਂ ਪਹਿਲਾਂ ਪਿੰਡ 'ਚ ਦਿਹਾੜੀਦਾਰ ਮਜ਼ਦੂਰ ਸੀ। ਜਿੱਥੇ ਮੇਰੇ ਪਰਿਵਾਰ ਦੇ ਮੈਂਬਰ ਅਜੇ ਵੀ ਦਿਹਾੜੀ ਲਾਉਣ 'ਚ ਫਸੇ ਹੋਏ ਹਨ।

- **ਵਕੀਲ ਬਣਨ ਲਈ ਤਾਂ ਕੋਰਸ ਕਰਨਾ ਪੈਂਦਾ ਹੈ?**

ਹਾਂ ਵਕੀਲ ਬਣਨ ਲਈ ਪੜ੍ਹਾਈ ਤਾਂ ਕਰਨੀ ਪੈਂਦੀ ਹੈ। ਮੇਰੀ ਪੜ੍ਹਾਈ ਦੀ ਕਹਾਣੀ ਅਲੱਗ ਹੈ। ਮੇਰੇ ਘਰ 'ਚੋਂ ਨਾ ਪਹਿਲਾਂ ਤੇ ਨਾ ਬਾਅਦ 'ਚ ਕੋਈ ਪੜ੍ਹਿਆ। ਮੈਂ ਨੂਰਮਹਿਲ ਤੋਂ 1966 'ਚ ਦਸਵੀਂ ਪਾਸ ਕੀਤੀ, ਦੋ ਸਾਲ ਫਗਵਾੜੇ ਕਾਲਜ 'ਚ ਪੜ੍ਹਿਆ। ਬੀ.ਏ. ਕਰਦਾ ਸੀ ਚੰਡੀਗੜ੍ਹ ਨੌਕਰੀ ਮਿਲ ਗਈ। ਕਿਸੇ ਟੀਚਰ ਨੇ ਸਲਾਹ ਦਿੱਤੀ ਦੌੜ ਜਾ। ਮੈਂ ਉੱਥੇ ਜਾ ਕੇ ਯੂਨੀਵਰਸਿਟੀ ਈਵਨਿੰਗ ਕਾਲਜ 'ਚੋਂ ਪਹਿਲਾਂ ਬੀਏ ਕੀਤੀ ਫਿਰ ਐੱਲਐੱਲਬੀ ਫਿਰ ਪਰਸੋਨਲ ਮੈਨੇਜਮੈਂਟ ਪੰਜਾਬੀ ਦੀ ਐਮਏ ਕੀਤੀ। ਐੱਲਐੱਲਬੀ ਈਵਨਿੰਗ ਕਾਲਜ ਤੋਂ ਕੀਤੀ। 1977 'ਚ ਬੈਂਕ 'ਚ ਅਫ਼ਸਰ ਭਰਤੀ ਹੋ ਗਿਆ ਨਹੀਂ ਤਾਂ ਮੈਂ ਉਦੋਂ 'ਚ ਹੀ ਵਕੀਲ ਬਣ ਜਾਣਾ ਸੀ। ਇਕ ਗੱਲ ਹੋਰ ਮੈਂ 59 ਸਾਲ ਦੀ ਉਮਰ 'ਚ ਪੰਜਾਬੀ 'ਵਰਸਿਟੀ ਪਟਿਆਲਾ ਤੋਂ ਐਮਏ ਜਰਨਲਿਜ਼ਮ ਵੀ ਕੀਤੀ।

- **ਸਾਹਿਤ ਵੱਲ ਝੁਕਾਅ ਕਿਵੇਂ ਬਣਿਆ?**

ਅਸਲ 'ਚ ਕੁਝ ਪਤਾ ਹੀ ਨਹੀਂ ਸੀ - ਅਸੀਂ ਕਿਥੇ ਜਾਣਾ - ਕਿਵੇਂ ਜਾਣਾ - ਕਿਉਂ ਜਾਣਾ। ਘਰ 'ਚ ਮੱਝ ਹੁੰਦੀ ਜਾਂ ਪਿੱਛੇ ਕੋਈ ਕਟੜੂ ਦੋ ਵੇਲੇ ਰੰਬਾ ਲੈ ਕੇ ਘਾਹ ਖੋਤਣ ਜਾਣਾ। ਓਹੀ ਰੰਬਾ ਅੱਗੋਂ ਨਿਆਣਿਆਂ ਦੇ ਹੱਥ ਤੇ ਅੱਗੋਂ ਅਗਲੀ ਪੀੜ੍ਹੀ। ਫਗਵਾੜੇ ਪੜ੍ਹਨ ਲੱਗੇ ਤਾਂ ਕਾਲਜ ਦੇ ਅੱਗੇ ਵਿਦਿਆਰਥੀ ਜੱਥੇਬੰਦੀਆਂ ਨਾਹਰੇ ਮਾਰਦੀਆਂ ਹੋਣੀਆਂ। ਗੰਨੇ ਵਾਲੀ ਮਿੱਲ ਦੇ ਬਾਹਰ ਕਿਸਾਨ ਯੂਨੀਅਨ ਵਾਲੇ, ਕੱਪੜੇ ਵਾਲੀ ਮਿੱਲ ਦੇ ਬਾਹਰ ਮਜ਼ਦੂਰ ਯੂਨੀਅਨ ਵਾਲੇ ਨਾਹਰੇ ਮਾਰਦੇ ਹੋਣੇ। ਫਿਰ ਇਕ ਦਿਨ ਕੱਪੜੇ ਵਾਲੀ ਮਿੱਲ ਦੇ ਬਾਹਰ ਧਰਨੇ 'ਤੇ ਬੈਠੇ ਮਜ਼ਦੂਰਾਂ ਤੇ ਪਾਰਸਲ ਕੀਤੇ ਬੰਬ ਫਟੇ। ਚਾਰ ਮਜ਼ਦੂਰ ਮਰ ਗਏ ਕੁਝ ਫੱਟੜ ਹੋਏ। ਇਹ ਘਟਨਾ ਨੇੜੇ ਤੋਂ ਦੇਖੀ। ਮਨ ਵਲੂੰਧਰਿਆ ਗਿਆ। ਇਹੋ ਜਿਹੀਆਂ ਘਟਨਾਵਾਂ ਅਕਸਰ ਵਾਪਰਦੀਆਂ ਸਨ। ਵਧੀਕੀਆਂ ਹੁੰਦੀਆਂ ਦੇਖੀਆਂ, ਪੜ੍ਹੀਆਂ, ਸੁਣੀਆਂ। ਇੰਜ ਵਧੀਕੀਆਂ ਕਰਨ ਵਾਲੇ ਬੁਰੇ ਲੱਗਣ ਲੱਗੇ। ਜਿਨ੍ਹਾਂ ਨਾਲ ਹੋ ਰਹੀਆਂ ਸੀ ਉਹ ਆਪਣੇ ਲੱਗਣ ਲੱਗੇ। ਇਹ ਗੱਲਾਂ ਪੇਸ਼ ਕਰਨ ਵਾਲਾ ਸਾਹਿਤ ਚੰਗਾ ਲੱਗਦਾ ਤੇ ਮਨ ਕਰਦਾ ਇਹੋ ਜਿਹਾ ਲਿਖਿਆ ਵੀ ਜਾਵੇ।

- **ਚੰਡੀਗੜ੍ਹ ਉਦੋਂ ਕਿਹੋ ਜਿਹਾ ਸੀ?**

1969 'ਚ ਚੰਡੀਗੜ੍ਹ ਨੌਕਰੀ ਲੱਗੀ ਸੀ। ਸਤਾਰਾਂ ਸੈਕਟਰ 'ਚ ਦਫ਼ਤਰ ਸੀ। ਇਕ ਦਿਨ 17 ਸੈਕਟਰ 'ਚ ਸ਼ਿਵ ਕੁਮਾਰ ਬਟਾਲਵੀ ਖੜ੍ਹਾ ਦੇਖਿਆ ਉਦੋਂ ਉਹਦੀ ਚੜ੍ਹਤ ਸੀ। ਉਹ ਐੱਸਬੀਆਈ 'ਚ ਨੌਕਰੀ ਕਰਦਾ ਸੀ। ਚੰਡੀਗੜ੍ਹ ਅਜੇ ਬਣਦਾ ਸੀ। ਵੱਡੀਆਂ-ਵੱਡੀਆਂ ਸਾਹਿਤਕ ਤੇ ਸਿਆਸੀ ਸ਼ਖ਼ਸੀਅਤਾਂ ਦੇਖੀਆਂ। ਵੱਡੇ-ਵੱਡੇ ਅਫ਼ਸਰ ਦੇਖੇ। ਪਰ ਇਨ੍ਹਾਂ ਨੂੰ ਦੇਖਣ ਤੋਂ ਬਾਅਦ ਦਿਲ ਦਿਮਾਗ਼ 'ਚ ਘਟੀਆਪਣ ਦਾ ਮਹਿਸੂਸ ਹੋਣਾ ਜੇ ਕੁਝ ਕੀਤਾ ਵੀ ਹੋਣਾ ਤਾਂ ਹਿੰਮਤ ਨਾ ਪੈਣੀ ਕਿ ਪ੍ਰਗਟ ਕਰ ਸਕੀਏ।

- **ਪੰਜਾਬ ਤੋਂ ਬਾਹਰ ਕਿੱਥੇ-ਕਿੱਥੇ ਰਹੇ?**

ਚੰਡੀਗੜ੍ਹ ਰਹਿ ਕੇ ਨੌਕਰੀ ਕੀਤੀ, ਪੜ੍ਹਾਈ ਕੀਤੀ, ਦਫ਼ਤਰਾਂ 'ਚ ਜਾਤੀ ਅਧਾਰਤ ਵਿਤਕਰਾ ਬਰਦਾਸ਼ਤ ਕੀਤਾ। ਵਿਜਯਾ ਬੈਂਕ 'ਚ ਨੌਕਰੀ ਬੰਗਲੌਰ ਲੱਗੀ। ਛੇ ਮਹੀਨੇ ਕੱਟੇ। ਦੂਰ ਸੀ। ਭਾਸ਼ਾ ਦੀ ਵੀ ਸਮੱਸਿਆ, ਦੂਸਰਾ ਦੇਸ਼ ਲੱਗਦਾ ਸੀ। ਦਿੱਲੀ ਤੋਂ ਲਖਨਊ, ਫਿਰ ਬਨਾਰਸ, ਫਿਰ ਜਲੰਧਰ, ਫਿਰ ਜਲੰਧਰ ਤੋਂ ਜਬਲਪੁਰ, ਭੋਪਾਲ, ਫਿਰ ਲਖਨਊ। ਬਨਾਰਸ ਤੇ ਚੰਡੀਗੜ੍ਹ ਘੁੰਮਦੇ ਰਹੇ। ਏਸੇ ਦੌਰਾਨ ਬੰਬਈ-ਕਲਕੱਤੇ ਵੀ ਆਉਣ ਜਾਣ ਬਣਿਆ ਰਿਹਾ। ਪੂਰਾ ਭਾਰਤ ਦੇਖ ਹੋ ਗਿਆ।

- **ਪੰਜਾਬ 'ਚ ਜਾਤ ਪਾਤ ਦੀ ਸਮੱਸਿਆ ਘੱਟ ਹੈ ਬਾਹਰ ਜ਼ਿਆਦਾ?**

ਨਹੀਂ ਅਜਿਹਾ ਨਹੀਂ। ਜਾਤ ਪਾਤ ਦੀ ਸਮੱਸਿਆ ਨਾ ਪੰਜਾਬ 'ਚ ਘੱਟ ਹੈ ਨਾ ਬਾਹਰ ਜ਼ਿਆਦਾ ਹੈ ਹਰ ਜਗ੍ਹਾ ਹੈ। ਜੇ ਬੰਦਾ ਸਪਸ਼ਟ ਹੋ ਕੇ ਰਹਿੰਦਾ ਹੈ ਤਾਂ ਕੋਈ ਸਮੱਸਿਆ ਨਹੀਂ। ਜੇ ਕੁੰਗੜ ਕੇ ਰਹੇਗਾ ਤਾਂ ਜਾਤ ਖਾ ਜਾਏਗੀ। ਹੁਣ ਝਾੜੂ ਦੇਣ ਵਾਲੇ ਨੂੰ ਉੱਚੀ ਜਾਤ ਵਾਲਾ ਕੋਈ ਕੁਝ ਨਹੀਂ ਕਹਿੰਦਾ। ਹਾਂ ਜੇ ਝਾੜੂ ਦੇਣ ਵਾਲੇ ਦੇ ਪਰਿਵਾਰ 'ਚੋਂ ਕਿਸੇ ਦਫ਼ਤਰ 'ਚ ਕਿਤੇ ਨੌਕਰੀ ਲੱਗ ਜਾਵੇ ਤਾਂ ਉਸ ਗ਼ਰੀਬ ਨੂੰ ਉੱਚੀ ਜਾਤ ਖਾ ਜਾਏਗੀ। ਰਿਜ਼ਰਵੇਸ਼ਨ ਦੇ ਮਿਹਣੇ ਮਾਰੇ ਜਾਣਗੇ। ਜਾਂ ਇਹ ਵੀ ਹੈ ਕਿ ਛੋਟੀ ਜਾਤ ਵਾਲਾ ਆਪਣੀ ਕਲੋਨੀ ਛੱਡ ਕੇ ਵਧੀਆ ਕਲੋਨੀ 'ਚ ਰਹਿਣ ਦਾ ਉਪਰਾਲਾ ਕਰੂਗਾ ਤਾਂ ਉਸ ਨੂੰ ਕਠਿਨਾਈ ਹੋਵੇਗੀ। ਹਾਲ ਹੀ 'ਚ ਇਕ ਪਿੰਡ ਇਕ ਗੁਰਦੁਆਰੇ ਦਾ ਨਾਹਰਾ ਉਠਿਆ ਸੀ ਜੋ ਮੱਠਾ ਪੈ ਗਿਆ। ਹੋਰ ਤਾਂ ਹੋਰ ਸ਼ਮਸ਼ਾਨ ਭੂਮੀਆਂ ਵੀ ਇੱਕਠੀਆਂ ਨਹੀਂ ਹੋ ਸਕੀਆਂ।

- **ਭਾਰਤ 'ਚ ਰਿਜ਼ਰਵੇਸ਼ਨ ਵੀ ਜਾਤ ਪਾਤ ਖ਼ਤਮ ਨਹੀਂ ਕਰ ਸਕੀ?**

ਨਹੀਂ ਰਿਜ਼ਰਵੇਸ਼ਨ ਨਾਲ ਜਾਤ ਪਾਤ ਖ਼ਤਮ ਨਹੀਂ ਹੋ ਸਕੀ। ਡਾ. ਅੰਬੇਡਕਰ ਦੀ ਅਗਵਾਈ 'ਚ ਅੰਗਰੇਜ਼ਾਂ ਨਾਲ ਸਿੱਧਾ ਰਾਬਤਾ ਕਾਇਮ ਕਰ ਕੇ ਜਿਹੜਾ ਦਲਿਤ ਮੁਕਤੀ ਦਾ ਅੰਦੋਲਨ ਉਠਿਆ ਸੀ ਉਹ ਰਿਜ਼ਰਵੇਸ਼ਨ ਦੇ ਲਾਰੇ ਨਾਲ ਸ਼ਾਂਤ ਕਰ ਦਿੱਤਾ। ਸਮੱਸਿਆ ਜਿਓਂ ਦੀ ਤਿਓਂ ਖੜ੍ਹੀ ਹੈ।

- **ਜਾਤ ਪਾਤ ਦੀ ਸਮੱਸਿਆ ਦਾ ਹੱਲ ਕੀ ਹੈ?**

ਇਹ ਸਮੱਸਿਆ ਹੱਲ ਹੋ ਸਕਦੀ ਹੈ। ਸਰਕਾਰ ਦੀ ਨੀਯਤ ਸਾਫ਼ ਹੋਵੇ। ਜਿੰਨੇ ਵੀ ਕਾਨੂੰਨ ਬਣੇ ਹਨ ਉਹ ਲਾਗੂ ਕੀਤੇ ਜਾਣ। ਕਾਨੂੰਨ ਲਾਗੂ ਨਾ ਕੀਤੇ ਜਾਣ ਦੀ ਸੂਰਤ 'ਚ ਜ਼ਿੰਮੇਵਾਰੀ ਫਿਕਸ ਕੀਤੀ ਜਾਵੇ। ਮਿੱਥਿਆ ਮੁਫ਼ਤ ਦਿੱਤੀ ਜਾਵੇ ਅਤੇ ਇਕੋ ਜਿਹੀ ਦਿੱਤੀ ਜਾਵੇ। ਇੰਗਲਿਸ਼ ਮੀਡੀਆ ਦੇ ਸਕੂਲ ਬੰਦ ਕੀਤੇ ਜਾਣ। ਸਭ ਤੋਂ ਛੋਟੀਆਂ ਜਾਤਾਂ ਵਾਲੇ ਆਪਣੀ ਜਾਤ ਅਤੇ ਆਪਣੇ ਆਪ ਨੂੰ ਮਜ਼ਬੂਤ ਕਰਨ। ਤਕਨੀਕ ਦਾ ਯੁਗ ਹੈ। ਪਰੰਪਰਾ ਜਾਂ ਜਾਤ ਦਾ ਯੁਗ ਹੈ। ਸਾਹਿਤ ਇਸ ਵਿਚ ਬੜਾ ਯੋਗਦਾਨ ਪਾ ਸਕਦਾ ਹੈ।

- **ਜਾਤਪਾਤ ਦੇ ਖ਼ਾਤਮੇ ਲਈ ਸਾਹਿਤ ਆਪਣੀ ਭੂਮਿਕਾ ਕਿਵੇਂ ਨਿਭਾਅ ਸਕਦਾ ਹੈ?**

ਕਿਸੇ ਵੀ ਸਮੱਸਿਆ ਦੀ ਪੇਸ਼ਕਾਰੀ ਸਮੇਂ ਸਾਹਿਤਕਾਰ ਨੂੰ ਇਮਾਨਦਾਰ ਹੋਣਾ ਪਵੇਗਾ। ਭਗਤੀ ਲਹਿਰ ਦੇ ਮਹਾਨ ਬਾਣੀਕਾਰ ਪੰਦਰਵੀਂ ਸੋਹਲਵੀਂ ਸਦੀ ਦੇ ਨਾਇਕ ਸਤਿਗੁਰ ਕਬੀਰ, ਗੁਰੂ ਰਵਿਦਾਸ, ਭਗਤ ਨਾਮਦੇਵ ਤੇ ਹੋਰ ਮਹਾਪੁਰਸ਼ ਅੱਜ ਵੀ ਅਣਗੌਲੇ ਪਏ ਹਨ। ਅੱਜ ਦੇ ਯੁਗ ਦੀ ਗੱਲ ਛੱਡੋ ਦਲਿਤਾਂ ਬਾਰੇ ਗੱਲ ਕਰਨ ਵਾਲੇ ਸਾਡੇ ਆਧੁਨਿਕ ਯੁਗ ਵਿਚ ਵੀ ਅਣਗੌਲੇ ਪਏ ਹਨ। ਦਲਿਤ ਲੇਖਕਾਂ ਤੇ ਦਲਿਤ ਸਾਹਿਤਕਾਰ ਹੋਣ ਦਾ ਫੱਟਾ ਲੱਗ ਜਾਂਦਾ ਹੈ।

- **ਆਪਣੀ ਲਿਖਣ ਪ੍ਰਕਿਰਿਆ ਬਾਰੇ ਗੱਲ ਦੱਸੋ।**

ਮੈਂ ਜੋ ਦੇਖਦਾ ਹਾਂ ਲਿਖਦਾ ਹਾਂ। ਚੋਰਬਜ਼ਾਰੀ, ਰਿਸ਼ਵਤਖੋਰੀ- ਹਰਾਮਖੋਰੀ ਹਰ ਜਗ੍ਹਾ ਹੈ। ਪੈਸਾ ਪੈਸੇ ਦਾ ਮਿੱਤਰ ਜਾਤਾਂ ਤੋਂ ਵੀ ਉਪਰ ਉੱਚੀ ਜਾਤ ਤੇ ਨੀਵੀ ਜਾਤ ਦੇ ਬੰਦਿਆਂ ਦਾ ਇਕੋ ਗੰਲ ਹੈ- ਪੈਸਾ। ਇਸ ਪੈਸੇ ਦੀ ਦੌੜ ਨੇ ਕਈ ਲਹਿਰਾਂ ਠੰਢੀਆਂ ਕਰ ਦਿੱਤੀਆਂ ਹਨ। ਨਵੀਂ ਪੁਸਤਕ "ਕੱਚਾ ਮਾਸ" ਵਿਚ ਕਈ ਕਹਾਣੀਆਂ ਏਸੇ ਰੰਗ ਦੀਆਂ ਹਨ। ਇਕ ਦਿਨ ਦੇਖਿਆ ਕੋਈ ਬਾਹਰੀ ਬੰਦਾ ਕਿਸੇ ਕਚਹਿਰੀ ਦੇ ਸਟਾਫ਼ ਨੂੰ ਪੈਸੇ ਦੇ ਰਿਹਾ ਸੀ। ਦੋਵਾਂ ਦੇ ਹੱਥਾਂ 'ਤੇ ੧ੴ ਉਕਰਿਆ ਹੋਇਆ ਸੀ ' ਹੇ ਵਾਹਿਗੁਰੂ-' ਕਹਾਣੀ ਲਿਖੀ। ਲਿਖਣ ਲਈ ਜਦ ਰਚਨਾ ਬਾਹਰ ਆਵੇ ਜਦੋਂ ਸਮਾਂ ਮਿਲੇ ਲਿਖ ਲੈਂਦਾ ਹਾਂ।

- **ਸਾਹਿਤ ਅਤੇ ਕਾਨੂੰਨ ਦਾ ਆਪਸ ਵਿਚ ਸਬੰਧ?**

ਸਾਹਿਤ ਵੀ ਕਾਨੂੰਨ ਹੈ ਤੇ ਕਾਨੂੰਨ ਵੀ ਸਾਹਿਤ। ਦੋਵੇਂ ਮਨੁੱਖਤਾ ਨੂੰ ਸੇਧ ਦੇਂਦੇ ਹਨ। ਸਮੱਸਿਆ ਹੈ ਸਮੱਸਿਆ ਦਾ ਹੱਲ ਹੈ-ਗੁਨਾਹਗਾਰ ਲਈ ਸਜ਼ਾ ਹੈ-ਪਛਤਾਵਾ ਹੈ, ਪਸ਼ਚਾਤਾਪ ਹੈ ਜੇਕਰ ਸਾਹਿਤ ਉੱਚ ਦਰਜੇ ਦਾ ਹੈ ਅਤੇ ਟੁੰਬਦਾ ਹੈ ਤਾਂ ਕਾਨੂੰਨ ਜਿੰਨਾ ਹੀ ਅਸਰ ਕਰੇਗਾ। ਅਜੇ ਕੁਝ ਦਿਨ ਪੁਰਾਣੀ ਗੱਲ ਹੈ, ਚੰਡੀਗੜ੍ਹ ਦੀ ਸੀਬੀਆਈ ਅਦਾਲਤ ਨੇ ਇਕ ਪੁਲਿਸ ਅਫ਼ਸਰ ਨੂੰ ਰਿਸ਼ਵਤ ਦੇ ਕੇਸ ਵਿਚ 3 ਸਾਲ ਦੀ ਸਜ਼ਾ ਸੁਣਾਉਣ ਤੋਂ ਪਹਿਲਾਂ ਜੱਜ ਸਾਹਿਬ ਨੇ ਦੋਸ਼ੀ ਨੂੰ ਮੁਨਸ਼ੀ ਪ੍ਰੇਮ ਚੰਦ ਦੀ -'ਨਮਕ ਕਾ ਦਰੋਗਾ'- ਕਹਾਣੀ ਸੁਣਾਈ। ਮੁਨਸ਼ੀ ਪ੍ਰੇਮ ਚੰਦ ਨੂੰ ਉਨ੍ਹਾਂ ਦੀਆਂ ਰਚਨਾਵਾਂ ਕਰਕੇ ਯਾਦ ਕੀਤਾ ਜਾਂਦਾ ਹੈ। 'ਨਮਕ ਕਾ ਦਰੋਗਾ' ਕਹਾਣੀ ਨੇ ਜੱਜ ਨੂੰ ਪ੍ਰਭਾਵਤ ਕੀਤਾ ਜੱਜ ਨੇ ਅੱਗੇ ਫ਼ੈਸਲਾ ਸੁਣਾਇਆ।

- **ਕਚਹਿਰੀ ਨਾਲ ਸਬੰਧਤ ਸਾਹਿਤ**

ਕਚਹਿਰੀ ਨਾਲ ਸਬੰਧਤ ਸਾਹਿਤ ਖ਼ਬਰਾਂ ਦੇ ਰੂਪ ਵਿਚ ਮਿਲਦਾ ਹੈ। ਸੁਪਰੀਮ ਕੋਰਟ-ਹਾਈ ਕੋਰਟ ਦੇ ਫ਼ੈਸਲੇ ਛਪਦੇ ਹਨ। ਸਾਡੇ ਸਾਹਿਤ ਅਕਾਡਮੀ ਐਵਾਰਡ ਪ੍ਰਾਪਤ ਲੇਖਕ ਮਿਤਰ ਸੈਨ ਮੀਤ ਦੇ ਸਾਰੇ ਨਾਵਲ-ਕਹਾਣੀਆਂ ਕਚਹਿਰੀ ਅਤੇ ਨਿਆਂ ਪ੍ਰਣਾਲੀ ਨਾਲ ਸਬੰਧਤ ਹਨ। ਮਿੱਤਰ ਸੈਨ ਮੀਤ ਜ਼ਿਲ੍ਹਾ ਅਟਾਰਨੀ ਸਨ ਪਰ ਨਿੰਦਰ ਘੁਗਿਆਣਵੀ ਦੀਆਂ ਲਿਖਤਾਂ ਹੋਰ ਵੀ ਰੋਚਕ ਹਨ। ਉਹ ਵਧਾਈ ਦੇ ਹੱਕਦਾਰ ਹਨ। •

ਰੂਬਰੂ

ਪੁਸਤਕ 'ਕੱਚਾ ਮਾਸ' ਵਿਚਲੀਆਂ ਕਹਾਣੀਆਂ ਬਾਰੇ ਕੁਝ ਦੱਸੋ।

ਪੁਸਤਕ ਵਿਚਲੀਆਂ ਕਹਾਣੀਆਂ ਬਾਰੇ ਨਿਰਣਾ ਪਾਠਕਾਂ ਦੇ ਹੱਥ ਹੈ। ਸਾਡੀਆਂ ਕਚਹਿਰੀਆਂ ਨਿਆਂ ਕਰਦੀਆਂ ਹਨ ਕਿ ਨਹੀਂ ਫ਼ੈਸਲੇ ਜ਼ਰੂਰ ਕਰਦੀਆਂ ਹਨ। ਉਹ ਵੀ ਦੇਰੀ ਨਾਲ-ਤਰੀਕਾਂ 'ਤੇ ਤਰੀਕਾਂ। ਪਰੇਸ਼ਾਨ ਹੁੰਦੇ ਹਨ ਲੋਕ। ਦਰੱਖ਼ਤ ਵੀ ਕਹਿੰਦੇ ਬਿਰਧ ਹੋ ਗਏ ਫ਼ੈਸਲੇ ਸੁਣਦੇ-ਸੁਣਦੇ। ਫਿਰ ਵੀ ਗਵਾਹੀ ਅੱਗੇ ਤੁਰਦੀ ਹੈ।

ਚੰਡੀਗੜ੍ਹ ਦੀ ਸੀਬੀਆਈ ਅਦਾਲਤ ਨੇ ਇਕ ਪੁਲਿਸ ਅਫ਼ਸਰ ਨੂੰ ਰਿਸ਼ਵਤ ਦੇ ਕੇਸ ਵਿਚ 3 ਸਾਲ ਦੀ ਸਜ਼ਾ ਸੁਣਾਉਣ ਤੋਂ ਪਹਿਲਾਂ ਦੋਸ਼ੀ ਨੂੰ ਮੁਨਸ਼ੀ ਪ੍ਰੇਮ ਚੰਦ ਦੀ ਕਹਾਣੀ 'ਨਮਕ ਕਾ ਦਰੋਗਾ' ਸੁਣਾਈ। ਇਹ ਹੈ ਮੁਨਸ਼ੀ ਪ੍ਰੇਮ ਚੰਦ ਦੀਆਂ ਕਹਾਣੀਆਂ ਦੀ ਅਮੀਰੀ ...

ਪੰਜਾਬ ਦੀ ਵੰਡ ਬੜੀ ਖ਼ਤਰਨਾਕ ਤੇ ਦਰਦਨਾਕ ਸੀ। ਅਸੀਂ ਹਿੰਦੂ, ਸਿੱਖ, ਮੁਸਲਿਮ ਆਦਿ ਸਦੀਆਂ ਤੋਂ ਇਕੱਠੇ ਰਹਿ ਰਹੇ ਸੀ। ਦੋਵਾਂ ਪਾਸਿਆਂ ਦੀ ਆਬਾਦੀ ਦਾ ਉਜਾੜਾ, ਤਬਾਦਲਾ ਤੇ ਕਤਲੋਗਾਰਤ ਬੜੀ ਅਜੀਬ ਲੱਗੀ...

ਸੁਭਿ ਅਮਲਾ ਥਾਝਹੁ ਦੋਨੋ ਰੋਈ

• ਡਾ. ਸਤਬੀਰ ਸਿੰਘ
98880-29401

(ਲੜੀ ਜੋੜਨ ਲਈ ਸੰਡੇ ਦਾ ਪਿਛਲਾ ਅੰਕ ਦੇਖੋ)

ਇਕ ਖੇਤੀ 'ਤੇ ਸਾਮਾਨ ਲੱਦੀ ਅਸੀਂ ਇਕ ਗੁੜ੍ਹੇ ਮਿੱਤਰ ਦਿਲ-ਮੁਹੰਮਦ ਦੀ ਅਗਵਾਈ ਵਿਚ ਹਿੰਦੋਸਤਾਨ ਵੱਲ ਵੱਧ ਰਹੇ ਸਾਂ। ਇਕ ਉੱਚੇ ਲੰਮੇ ਗੱਭਰੂ ਨੇ ਮੇਰੇ ਤਾਇਆ ਜੀ ਦੇ ਮੋਢੇ 'ਤੇ ਛਵੀ ਰੱਖ ਕੇ ਵਾਰ ਕਰਨਾ ਚਾਹਿਆ ਪਰ ਦਿਲ ਮੁਹੰਮਦ ਨੇ ਛਵੀ ਦੀ ਡਾਗ ਫੜ ਕੇ ਧਾੜਵੀਆਂ ਦੇ ਹਾੜ੍ਹੇ ਕੱਢਦੇ ਸ਼ੁਰੂ ਕਰ ਦਿੱਤੇ। ਧਾੜਵੀ ਕਹਿਣ ਕਿ ਇਹ ਕਾਫ਼ਰ ਨੇ। ਤੂੰ ਅੱਲਾ ਰਸੂਲ ਦਾ ਬੰਦਾ ਕਿਉਂ ਵਿਚ ਆਣ ਖਲੋਤਾ ਏਂ ?' 'ਜ

ਸ੍ਰੀ ਮਧ ਭਾਗਵਤ ਸਪਤਾਹ ਗਿਆਨ ਯੱਗ ਦੀ ਸ੍ਰੀ ਪੰਚਾਇਤੀ ਗਊਸ਼ਾਲਾ ਵਿਖੇ ਹੋਈ ਅਰੰਭਤਾ

ਬਠਿੰਡਾ 22 ਸਤੰਬਰ -ਕੌਮੀ ਪੱਤ੍ਰਿਕਾ ਬਿਊਰੋ-

ਸ੍ਰੀ ਪੰਚਾਇਤੀ ਗਊਸ਼ਾਲਾ ਵਿਖੇ ਸ੍ਰੀ ਸ੍ਰੀ 1008 ਸਵਾਮੀ ਕੇਸ਼ਵਾਨੰਦ ਜੀ ਮਹਾਰਾਜ ਦੀ 16ਵੀਂ ਪੁਣੇਆਤਿਥੀ ਤੇ ਸ੍ਰੀ ਪੰਚਾਇਤੀ ਗਊਸ਼ਾਲਾ ਵਿਖੇ ਅੱਜ ਸ੍ਰੀ ਮਧ ਭਾਗਵਤ ਸਪਤਾਹ ਗਿਆਨ ਯੱਗ ਦੀ ਆਰੰਭਤਾ ਹੋਈ ਜੋ ਕਿ ਹਰ ਸਾਲ ਦੀ ਤਰ੍ਹਾਂ ਸਵਾਮੀ ਸੁਰੇਸ਼ ਮੁਣੀ ਜੀ ਮਹਾਰਾਜ ਦੀ ਅਗਵਾਈ ਹੇਠ ਕਰਵਾਈ ਜਾਂਦੀ ਹੈ

ਵਿਆਸ ਗੱਦੀ ਦੇ ਪ੍ਰਵਕਤਾ ਡਾਕਟਰ ਸੁਰਿਆ ਕਾਂਤ ਸ਼ਾਸ਼ਤਰੀ ਜੀ ਨੇ ਆਪਣੀ ਮਧੁਰ ਅਵਾਜ ਨਾਲ ਸੰਗਤਾਂ ਨੂੰ ਨਿਹਾਲ ਕੀਤਾ, ਇਸ ਦੋਰਾਨ ਅੱਜ ਜੋਯਤੀ ਪ੍ਰਚੰਡ ਦੀ ਰਸਮ ਸਮਾਜਸੇਵੀ ਭੂਸ਼ਨ ਗਰਗ ਦੀ ਧਰਮਪਤਨੀ ਨਿਸ਼ਾ ਗਰਗ ਅਤੇ ਪ੍ਰਮੋਦ ਕਾਕਾ ਦੀ ਮਾਤਾ ਜੀ ਸ੍ਰੀਮਤੀ ਸਾਵਿਤਰੀ ਦੇਵੀ ਜੀ ਵਲੋਂ ਕੀਤੀ ਗਈ, ਅੱਜ ਦੀ ਆਰਤੀ ਮੁੱਖ ਜਜਮਾਨ ਸੁਰੇਸ਼ ਠੇਕੇਦਾਰ ਅਤੇ ਅੱਜ ਦੇ ਜਜਮਾਨ ਰੋਬਿਨ ਬਾਂਸਲ ਵਲੋਂ ਕੀਤੀ ਗਈ, ਇਸ ਦੌਰਾਨ ਗੁਰਮਤਿ ਵਿਦਿਆਲੇ ਦੇ ਮੁੱਖ ਸੇਵਾਦਾਰ ਗੁਰਸੇਵਕ ਸਿੰਘ ਵੀਰਜੀ ਨੂੰ ਆਮ ਆਦਮੀ ਪਾਰਟੀ ਦੇ ਬਲਾਕ ਪ੍ਰਧਾਨ ਰਜਨੀਸ਼ ਰਾਜੂ ਅਤੇ ਸ੍ਰੀ ਪੰਚਾਇਤੀ ਗਊਸ਼ਾਲਾ ਦੇ ਪ੍ਰਧਾਨ ਪ੍ਰਿੰਸ ਰੋਮਾਣਾ ਵੱਲੋਂ ਸਨਮਾਨਿਤ ਕੀਤਾ ਗਿਆ

ਕਥਾ ਦੋਰਾਨ ਦੁਨਿਆਵੀ ਬੰਧਨਾਂ ਨੂੰ ਤੋੜਕੇ ਉਸ ਪ੍ਰਭੂ ਨਾਲ ਸੱਚੇ ਪਿਆਰ ਪਾਉਣ ਦੀ ਗੱਲ ਕੀਤੀ ਗਈ , ਇਸ ਮੌਕੇ ਹੋਰਨਾਂ ਤੋਂ ਇਲਾਵਾ ਰਜਨੀਸ਼ ਰਾਜੂ ਬਲਾਕ ਪ੍ਰਧਾਨ ਆਮ ਆਦਮੀ ਪਾਰਟੀ,ਵਿਕਾਸ ਕੁਮਾਰ ਵਿੱਕੀ ਸੈਕਟਰੀ , ਮੁਰਾਰੀ ਲਾਲ, ਮਲਕੀਤ ਰਾਏ ਜੀ, ਸੁਰਜੀਤ ਰਾਓ ਜੀ,ਆਦਿ ਹਾਜ਼ਰ ਸਨ

ਕੋਟਲਾ ਵਿਖੇ ਲਾਲਾਂ ਵਾਲੇ ਪੀਰ ਦੀ ਯਾਦ ਵਿੱਚ ਹੋਇਆ ਛਿੰਝ ਮੇਲਾ

ਸ੍ਰੀ ਅਨੰਦਪੁਰ ਸਾਹਿਬ, 22 ਸਤੰਬਰ -ਕੌਮੀ ਪੱਤ੍ਰਿਕਾ ਬਿਊਰੋ-

ਇੱਥੋਂ ਨੇੜਲੇ ਪਿੰਡ ਕੋਟਲਾ ਪਾਵਰ ਹਾਊਸ ਵਿਖੇ ਲਾਲਾਂ ਵਾਲੇ ਪੀਰ ਦੀ ਯਾਦ ਵਿੱਚ ਦੋ ਰੋਜਾ ਸਲਾਨਾ ਛਿੰਝ ਮੇਲਾ ਕਰਵਾਇਆ ਗਿਆ। ਜਿਸ ਵਿੱਚ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼ ਅਤੇ ਚੰਡੀਗੜ੍ਹ ਨਾਲ ਸਬੰਧਿਤ ਵੱਡੀ ਗਿਣਤੀ ਵਿੱਚ ਪਹਿਲਵਾਨਾਂ ਨੇ ਸਿ ?ਰਕਤ ਕੀਤੀ। ਇਸ ਛਿੰਝ ਮੇਲੇ ਵਿੱਚ ਪਹਿਲਵਾਨਾਂ ਦੀ ਰਿਹਾਇਸ਼ ਅਤੇ ਖਾਣੇ ਦਾ ਪ੍ਰਬੰਧ ਵੀ ਕੀਤਾ ਗਿਆ। ਝੰਡੀ ਵਾਲੀ ਕੁਸ਼ਤੀ ਜਤਿੰਦਰ ਪਥਰੇੜੀ ਨੇ ਸੋਨੀ ਸੁਹੋੜਾਂ ਨੂੰ ਤਗੜੇ ਸ਼ਘੰਰਸ਼ ਨਾਲ ਹਰਾ ਕੇ ਜਿੱਤੀ।

ਜੇਤੂ ਪਹਿਲਵਾਨ ਨੂੰ 55 ਹਜਾਰ ਅਤੇ ਦੂਜੇ ਨੰਬਰ ਪਹਿਲਵਾਨ ਨੂੰ 45 ਹਜਾਰ ਦੀ ਨਗਦ ਰਾਸ਼ੀ ਦਿੱਤੀ ਗਈ।ਛਿੰਝ ਮੇਲੇ ਦੌਰਾਨ ਸੰਜੂ ਪੰਡਤ ਵਲੋਂ ਕੁਮੈਂਟਰੀ ਕੀਤੀ ਗਈ।

ਇਸ ਮੌਕੇ ਮਦਨ ਲਾਲ ਕੌਸ਼ਲ, ਦਿਨੇਸ਼ ਨੰਬਰਦਾਰ, ਹਰੀ ਓਮ ਕੌਸ਼ਲ, ਬਲਰਾਮ, ਵਿਜੇ ਕੁਮਾਰ, ਰਜੇਸ਼ ਕੁਮਾਰ, ਤੇਲੂ ਰਾਮ, ਮੰਗਤ ਰਾਮ, ਜ਼ਸਵਿੰਦਰ ਮਿੰਟੂ, ਦਲੀਪ ਚੰਦ, ਦੀਦਾਰ ਸੈਣੀ, ਗੀਤਾ ਰਾਮ, ਸੰਜੋ ਸ਼ਰਮਾ, ਯੋਗ ਰਾਜ, ਅਵਤਾਰ ਕਿਸ਼ਨ, ਰਾਮ ਨਾਥ, ਸੁੱਚਾ ਸਿੰਘ, ਹੰਸ ਰਾਜ, ਧੀਰਜ ਸੈਣੀ, ਮੰਗਲ ਸੈਣੀ, ਪੁਨੀਤ ਸੈਣੀ, ਤਿਲਕ ਰਾਜ ਸਮੇਤ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਹਾਜਰ ਸਨ। ਕੋਟਲਾ ਵਿਖੇ ਹੋਏ ਸਲਾਨਾ ਛਿੰਝ ਮੇਲੇ ਦੌਰਾਨ ਝੰਡੀ ਵਾਲੀ ਕੁਸ਼ਤੀ ਦੇ ਜੇਤੂ ਪਹਿਲਵਾਨ ਨਾਲ ਪਿੰਡ ਵਾਸੀ।

ਖਾਲਸਾ ਕਾਲਜ ਵਿਖੇ ਕੀਤਾ ਗਿਆ ਤਿੰਨ ਰੋਜਾ ਫਾਸਟ ਏਡ ਟ੍ਰੇਨਿੰਗ ਪ੍ਰੋਗਰਾਮ ਦਾ ਆਯੋਜਨ

ਸ੍ਰੀ ਅਨੰਦਪੁਰ ਸਾਹਿਬ, 22 ਸਤੰਬਰ -ਕੌਮੀ ਪੱਤ੍ਰਿਕਾ ਬਿਊਰੋ-

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਹੀ ਇਲਾਕੇ ਦੀ ਸਥਾਨਕ ਵਿਦਿਅਕ ਸੰਸਥਾ ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਵਿਖੇ ਮੁੰਬਈ ਦੀ ਆਦਿਤਿਆ ਬਿਰਲਾ ਐਜੂਕੇਸ਼ਨ ਟਰੱਸਟ ਦੇ ਸਹਿਯੋਗ ਨਾਲ ਇੰਸਟੀਟਿਊਸ਼ਨਸ ਇਨੋਵੇਸ਼ਨ ਕੌਂਸਲ ਵੱਲੋਂ ਤਿੰਨ ਰੋਜਾ ਫਾਸਟ ਏਡ ਟ੍ਰੇਨਿੰਗ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ।

ਇਸ ਪ੍ਰੋਗਰਾਮ ਵਿੱਚ ਕਾਲਜ ਦੇ ਵੱਖ-ਵੱਖ ਵਿਭਾਗਾਂ ਦੇ ਵਿਦਿਆਰਥੀਆਂ ਨੇ ਜੋਸ਼-ਉਤਸ਼ਾਹ ਨਾਲ ਹਿੱਸਾ ਲਿਆ ਅਤੇ ਮਾਨਸਿਕ ਸਿਹਤ ਦੀਆਂ ਬੁਨਿਆਦੀ ਟਰਮਿਨੋਲੋਜੀਜ਼ ਅਤੇ ਫਾਸਟ ਏਡ ਤਕਨੀਕਾਂ ਸਿੱਖੀਆਂ। ਪ੍ਰੋਗਰਾਮ ਵਿੱਚ ਮਿਸ ਮੁਗਧਾ ਮਹੇਸ਼ ਮਹਾਤਰੇ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਅਤੇ ਵਿਦਿਆਰਥੀਆਂ ਨੂੰ ਫਾਸਟ ਏਡ ਤਕਨੀਕਾਂ ਬਾਰੇ ਬਾਰੀਕੀ ਵਿੱਚ ਜਾਣਕਾਰੀ ਦਿੱਤੀ।

ਇਸ ਮੌਕੇ ਖਾਲਸਾ ਕਾਲਜ ਦੇ ਪ੍ਰਿੰਸੀਪਲ ਡਾ. ਜਸਵੀਰ ਸਿੰਘ ਨੇ ਇਹ ਟਰੇਨਿੰਗ ਪ੍ਰੋਗਰਾਮ ਦਾ ਆਯੋਜਨ ਕਰਨ ਲਈ ਅੰਗਰੇਜ਼ੀ ਵਿਭਾਗ ਦੇ ਮੁਖੀ ਅਤੇ ਆਈ.ਆਈ.ਸੀ ਦੇ ਪ੍ਰਧਾਨ ਡਾ. ਗੁਰਪ੍ਰੀਤ ਕੌਰ,ਡਾ. ਸਰਤਾਜ ਸਿੰਘ, ਡਾ. ਪਰਮਜੀਤ ਕੌਰ ਅਤੇ ਡਾ. ਤਜਿੰਦਰ ਕੌਰ ਦੇ ਕਾਰਜਾਂ ਦੀ ਸਲਾਂਘਾ ਕੀਤੀ ਅਤੇ ਕਿਹਾ ਕਿ ਇਹ ਉਪਰਾਲਾ ਵਿਦਿਆਰਥੀਆਂ ਦੀ ਭਲਾਈ ਅਤੇ ਕੈਂਪਸ ਵਿੱਚ ਸਿਹਤਮੰਦ ਮਾਹੌਲ ਬਣਾਉਣ ਲਈ ਫਾਇਦੇਮੰਦ ਸਾਬਿਤ ਹੋਵੇਗਾ। ਇਸ ਮੌਕੇ ਵੱਡੀ ਗਿਣਤੀ ਵਿੱਚ ਵਿਦਿਆਰਥੀ ਹਾਜ਼ਰ ਸਨ।

ਸ਼ਹਿਰ ਦੇ ਹਰ ਵਾਰਡ ਨੂੰ ਬਿਹਤਰ ਬੁਨਿਆਦੀ ਸੁਵਿਧਾਵਾਂ ਉਪਲਬੱਧ ਕਰਵਾਉਣਾ ਮੁੱਖ ਤਰਜੀਹ : ਬ੍ਰਮ ਸ਼ੰਕਰ ਜਿੰਪਾ

ਹੁਸ਼ਿਆਰਪੁਰ, 22 ਸਤੰਬਰ -ਕੌਮੀ ਪੱਤ੍ਰਿਕਾ ਬਿਊਰੋ-

ਕੈਬਨਿਟ ਮੰਤਰੀ ਪੰਜਾਬ ਬ੍ਰਮ ਸ਼ੰਕਰ ਜਿੰਪਾ ਨੇ ਸ਼ਹਿਰ ਦੇ ਵਾਰਡ ਨੰਬਰ 27 ਵਿਚ 15 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੀਆਂ ਗਲੀਆਂ ਦੇ ਨਿਰਮਾਣ ਕਾਰਜ਼ ਦੀ ਸ਼ੁਰੂਆਤ ਕੀਤੀ। ਉਨ੍ਹਾਂ ਕਿਹਾ ਕਿ ਇਹ ਕਾਰਜ਼ ਹਲਕੇ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਅਤੇ ਸਥਾਨਕ ਨਿਵਾਸੀਆਂ ਨੂੰ ਬਿਹਤਰ ਸੁਵਿਧਾਵਾਂ ਪ੍ਰਦਾਨ ਕਰਨ ਦੇ ਉਦੇਸ਼ ਨਾਲ ਉਠਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਨਗਰ ਨਿਗਮ ਦੇ ਇਸ ਉਪਰਾਲੇ ਨਾਲ ਵਾਰਡ ਦੀਆਂ ਪੁਰਾਣੀਆਂ ਅਤੇ ਖਰਾਬ ਗਲੀਆਂ ਨੂੰ ਫਿਰ ਤੋਂ ਵਿਕਸਿਤ ਕੀਤਾ ਜਾਵੇਗਾ, ਜਿਸ ਨਾਲ ਹਲਕੇ ਦੇ ਲੋਕਾਂ ਨੂੰ ਆਵਾਜਾਈ ਅਤੇ ਜਲ ਨਿਕਾਸੀ ਦੀ ਸਮੱਸਿਆ ਤੋਂ ਰਾਹਤ ਮਿਲੇਗੀ। ਇਸ ਦੌਰਾਨ ਉਨ੍ਹਾਂ ਨਾਲ ਮੇਅਰ ਸੁਰਿੰਦਰ ਕੁਮਾਰ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸੈਣੀ, ਡਿਪਟੀ ਮੇਅਰ ਰਣਜੀਤ ਚੌਧਰੀ ਅਤੇ ਫਾਈਨਾਂਸ ਕਮੇਟੀ ਦੇ ਚੇਅਰਮੈਨ ਬਲਵਿੰਦਰ ਬਿੰਦੀ ਵੀ ਮੌਜੂਦ ਸਨ।

ਕੈਬਨਿਟ ਮੰਤਰੀ ਨੇ ਨਗਰ ਨਿਗਮ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਨਿਰਮਾਣ ਕਾਰਜ਼ ਦੀ ਗੁਣਵੱਤਾ ਯਕੀਨੀ ਬਣਾਈ ਜਾਵੇ ਅਤੇ ਨਿਰਮਾਣ ਕਾਰਜ਼ ਨਿਸ਼ਚਿਤ ਸਮੇਂ ਅੰਦਰ ਪੂਰਾ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਵਾਰਡ ਵਿਚ ਲਗਾਤਾਰ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ ਅਤੇ ਇਹ ਸਿਲਸਿਲਾ ਅੱਗੇ ਵੀ ਜਾਰੀ ਰਹੇਗਾ। ਸਰਕਾਰ ਦਾ ਉਦੇਸ਼ ਹੈ ਕਿ ਹਰ ਵਾਰਡ ਨੂੰ ਬਿਹਤਰ ਬੁਨਿਆਦੀ ਸੁਵਿਧਾਵਾਂ ਮਿਲੇ ਤਾਂ ਜੋ ਨਾਗਰਿਕਾਂ ਦਾ ਜੀਵਨ ਪੱਧਰ ਉਚਾ ਹੋ ਸਕੇ।

ਬ੍ਰਮ ਸ਼ੰਕਰ ਜਿੰਪਾ ਨੇ ਕਿਹਾ ਕਿ ਪੰਜਾਬ ਸਰਕਾਰ ਰਾਜ ਦੇ ਹਰੇਕ ਹਲਕੇ ਵਿਚ ਵਿਕਾਸ ਕਾਰਜ਼ਾਂ ਨੂੰ ਪਹਿਲ ਦੇ ਰਹੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦਾ ਟੀਚਾ ਹੈ ਕਿ ਰਾਜ ਦੇ ਕਿਸੇ ਵੀ ਹਲਕੇ ਨੂੰ ਵਿਕਾਸ ਤੋਂ ਬਿਨਾ ਨਾ ਰੱਖਿਆ ਜਾਵੇ। ਇਸ ਲਈ ਸਾਰੇ ਵਾਰਡਾਂ ਵਿਚ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਵਚਨਬੱਧ ਹੈ ਅਤੇ ਜਨਤਾ ਦੀ ਭਲਾਈ ਲਈ ਨਿਰੰਤਰ ਕਾਰਜ਼ ਕੀਤੇ ਜਾਣਗੇ।

ਇਸ ਮੌਕੇ ਕੁਲਵਿੰਦਰ ਸਿੰਘ ਹੁੰਦਲ, ਪ੍ਰੀਤਮ ਦਾਸ, ਗੁਰਦਿਆਲ ਸਿੰਘ, ਯਸ਼ ਪਾਲ, ਤੀਰਥ ਰਾਜ, ਰਵਿੰਦਰ, ਚਰਨਜੀਤ ਸਿੰਘ, ਕ੍ਰਿਸ਼ਨ ਲਾਲ, ਲਾਲ ਸਿੰਘ, ਮੀਨਾ ਕੁਮਾਰੀ, ਸ਼ਕੁੰਤਲਾ ਦੇਵੀ ਤੋਂ ਇਲਾਵਾ ਨਗਰ ਨਿਗਮ ਦੇ ਅਧਿਕਾਰੀ ਵੀ ਮੌਜੂਦ ਸਨ।

ਡੇਰਾਬੱਸੀ ਅਤੇ ਬਰਵਾਲਾ ਵਚਾਲੇ ਚਲਦੇ ਗੈਰ-ਕਾਨੂੰਨੀ ਆਟੋ ਰਿਕਸ਼ਾ ਲੋਕਾਂ ਦੀ ਜਾਨ ਨੂੰ ਖਤਰੇ ਵਿੱਚ ਪਾਉਣ ਦੇ ਨਾਲ-ਨਾਲ ਪੰਜਾਬ ਸਰਕਾਰ ਦੇ ਖਜ਼ਾਨੇ ਨੂੰ ਲਗਾ ਰਹੇ ਹਨ ਖੋਰਾ

ਡੇਰਾ ਬਸੀ, 22 ਸਤੰਬਰ -ਇਕਬਾਲ ਧਾਲੀਵਾਲ-

ਡੇਰਾਬੱਸੀ ਅਤੇ ਬਰਵਾਲਾ ਦੇ ਵਚਾਲੇ ਬਿਨਾਂ ਕੋਈ ਟੈਕਸ ਭਰੇ ਜ਼ਾ ਪਰਮਿਟ ਹਾਸਲ ਕਰ ਚਲਦੇ ਗੈਰ-ਕਾਨੂੰਨੀ ਆਟੋ ਰਿਕਸ਼ਾ ਨਾ ਸਿਰਫ਼ ਸਰਕਾਰੀ ਖ਼ਜ਼ਾਨੇ ਦਾ ਚੂਨਾ ਲਗਾ ਰਹੇ ਹਨ ਸਗੋਂ ਲੋਕਾਂ ਦੀ ਜਾਨ ਨੂੰ ਵੀ ਖ਼ਤਰੇ ਵਿੱਚ ਪਾ ਰਹੇ ਹਨ।ਜਾਣਕਾਰੀ ਅਨੁਸਾਰ ਇਹ ਗੈਰ-ਕਾਨੂੰਨੀ ਆਟੋ ਰਿਕਸ਼ਾ ਪਿਛਲੇ ਕਾਫੀ ਸਮੇਂ ਤੋਂ ਅਧਿਕਾਰੀਆਂ ਵੱਲੋਂ ਧਿਆਨ ਨਾ ਦਿੱਤੇ ਜਾਣ ਕਾਰਨ ਗੈਰ ਕਨੂੰਨੀ ਤੌਰ ਤੇ ਚਲਦੇ ਇਹ ਆਟੋ ਗੰਭੀਰ ਮਸਲਾ ਬਣਦੇ ਜਾ ਰਹੇ ਹਨ। ਇਹ ਗੈਰ-ਰਜਿਸਟਰਡ ਵਾਹਨ ਨਾ ਸਿਰਫ ਟੈਕਸ ਚੋਰੀ ਕਰ ਰਹੇ ਹਨ, ਬਲਕਿ ਸੜਕ 'ਤੇ ਸਵਾਰੀਆਂ ਅਤੇ ਹੋਰ ਯਾਤਰੀਆਂ ਦੀ ਸੁਰੱਖਿਆ ਲਈ ਵੀ ਖਤਰਾ ਬਣਦੇ ਜ਼ਾ ਰਹੇ ਹਨ। ਉਚਿਤ ਪਰਮਿਟਾਂ ਅਤੇ ਨਿਯਮਾਂ ਦੀ ਘਾਟ ਦਾ ਇਹ ਵੀ ਮਤਲਬ ਹੈ ਕਿ ਇਹਨਾਂ ਆਟੋ ਰਿਕਸ਼ਾ ਨੂੰ ਕਿਸੇ ਵੀ ਸੁਰੱਖਿਆ ਜਾਂਚ ਦੇ ਅਧੀਨ ਨਹੀਂ ਗੁਜਰਨਾ ਪੈਂਦਾ, ਜਿਸ ਨਾਲ ਇਹ ਸੜਕ 'ਤੇ ਸੰਭਾਵੀ ਖਤਰੇ ਸਿੱਧ ਹੁੰਦੇ ਰਹੇ ਹਨ ਅਤੇ ਇਨ੍ਹਾਂ ਕਾਰਨ ਕਈ ਸਵਾਰੀਆਂ ਨੂੰ ਗੰਭੀਰ ਨਤੀਜੇ ਵੀ ਭੁਗਤਣੇ ਪੈ ਚੁਕੇ ਹਨ। ਸਥਾਨਕ ਵਸਨੀਕਾਂ ਨੇ ਇਸ ਮੁੱਦੇ 'ਤੇ ਡੂੰਘੀ ਚਿੰਤਾ ਪ੍ਰਗਟ ਕਰਦਿਆਂ ਲੁ ਅਧਿਕਾਰੀਆਂ ਨੂੰ ਇਨ੍ਹਾਂ ਗੈਰ-ਕਾਨੂੰਨੀ ਆਟੋ ਰਿਕਸ਼ਿਆਂ ਵਿਰੁੱਧ ਤੁਰੰਤ ਕਾਰਵਾਈ ਕਰਨ ਦੀ ਅਪੀਲ ਕੀਤੀ ਹੈ। ਜਿਨ੍ਹਾਂ ਨੇ ਇਨ੍ਹਾਂ ਗੈਰ-ਰਜਿਸਟਰਡ ਵਾਹਨਾਂ ਦੀ ਵਰਤੋਂ ਕਰਨ ਵਿਰੁੱਧ ਕਾਰਵਾਈ ਕਰਨ ਦੀ ਮੰਗ ਕੀਤੀ ਹੈ, ਕਿਉਂਕਿ ਇਹ ਸੁਰੱਖਿਆ ਮਾਪਦੰਡਾਂ ਦੀ ਪਾਲਣਾ ਨਹੀਂ ਕਰਦੇ ਹਨ ਅਤੇ ਲੋਕਾਂ ਦੀ ਜਾਨ ਨੂੰ ਜੋਖਮ ਵਿੱਚ ਪਾਉਂਦੇ ਹਨ। ਇਨ੍ਹਾਂ ਆਟੋ ਰਿਕਸੀਆਂ 'ਚੋਂ ਜ਼ਿਆਦਾਤਰ ਵਾਹਨ 10 ਤੋਂ 15 ਸਾਲ ਪੁਰਾਣੇ ਹਨ। ਜਿਆਦਾਤਰ ਆਟੋ ਖਸਤਾ ਹਾਲਤ ਵਿੱਚ ਹਨ। ਹਰ ਰੋਜ਼ ਉਨ੍ਹਾਂ ਦੀਆਂ ਟਿਊਬਾਂ, ਟਾਇਰ ਫਟ ਜਾਂਦੇ ਹਨ ਅਤੇ ਵਾਹਨ ਪਲਟ ਜਾਂਦੇ ਹਨ। ਇਨ੍ਹਾਂ ਆਟੋ ਰਿਕਸੀਆਂ ਵਿੱਚ 8 ਤੋਂ 10 ਸਵਾਰੀਆਂ ਓਵਰਲੋਡ ਭਰ ਕੇ ਚੱਲ ਰਹੀਆਂ ਹਨ। ਇਹ ਆਟੋ ਰਿਕਸ਼ੇ ਸਿਰਫ਼ ਪੇਂਡੂ ਰੂਟਾਂ 'ਤੇ ਹੀ ਨਹੀਂ ਚੱਲ ਰਹੇ, ਸ਼ਹਿਰ ਦੇ ਅੰਦਰ ਵੀ ਇਨ੍ਹਾਂ ਵਾਹਨਾਂ ਦੀ ਕਾਫੀ ਗਿਣਤੀ ਹੈ। ਪਰ ਇਨ੍ਹਾਂ ਆਟੋਆਂ ਦੀ ਕਦੇ ਚੈਕਿੰਗ ਨਹੀਂ ਕੀਤੀ ਜਾਂਦੀ। ਜਿਆਦਾਤਰ ਕੋਲ ਫਿਟਨੈਸ ਅਤੇ ਪਰਮਿਟ ਵੀ ਨਹੀਂ ਹਨ। ਫਿਰ ਵੀ ਇਨ੍ਹਾਂ ਖ਼ਿਲਾਫ਼ ਕੋਈ ਕਾਰਵਾਈ ਨਹੀਂ ਹੋਰਹੀ। ਵਾਹਨਾਂ ਦੀ ਚੈਕਿੰਗ ਅਤੇ ਕਾਰਵਾਈ ਕਰਨ ਦੀ ਜ਼ਿੰਮੇਵਾਰੀ ਜ਼ਿਲ੍ਹਾ ਟਰਾਂਸਪੋਰਟ ਵਿਭਾਗ ਦੀ ਹੈ। ਪਰ ਜ਼ਿਲ੍ਹਾ ਟਰਾਂਸਪੋਰਟ ਵਿਭਾਗ ਦੇ ਅਧਿਕਾਰੀ ਦਫ਼ਤਰ ਵਿੱਚ ਹੀ ਬੈਠੇ ਰਹਿਦੇ ਹਨ। ਆਰ.ਟੀ.ਓ ਵੀ ਕਦੇ-ਕਦਾਈਂ ਡੇਰਾਬੱਸੀ ਆਉਂਦੇ ਹਨ। ਇਸ ਦੇ ਨਾਲ ਹੀ ਟ੍ਰੈਫਿਕ ਪੁਲਿਸ ਸੜਕਾਂ 'ਤੇ ਤੇਜ਼ ਰਫਤਾਰ, ਹੈਲਮੇਟ ਤੋਂ ਬਿਨਾਂ ਅਤੇ ਹੋਰ ਵਾਹਨਾਂ ਦੀ ਜਾਂਚ ਹੀ ਕਰਦੀ ਹੈ।

ਬਲਬੀਰ ਸਿੰਘ ਪੰਨੂ ਵੱਲੋਂ 21 ਪਿੰਡਾਂ ਦੇ 40 ਪਰਿਵਾਰਾਂ ਨੂੰ ਕੱਚੇ ਮਕਾਨਾਂ ਦੀ ਆਈ ਗਰਾਂਟ ਦੀ ਪਹਿਲੀ ਕਿਸ਼ਤ ਤਕਸੀਮ ਕੀਤੀ

ਬਟਾਲਾ, 22 ਸਤੰਬਰ -ਕੌਮੀ ਪੱਤ੍ਰਿਕਾ ਬਿਊਰੋ-

ਬਲਬੀਰ ਸਿੰਘ ਪੰਨੂ, ਚੇਅਰਮੈਨ ਪਨਸਪ ਪੰਜਾਬ ਵੱਲੋਂ ਹਲਕਾ ਫਤਿਹਗੜ੍ਹ ਚੂੜੀਆਂ ਦੇ ਬਲਾਕ ਬਟਾਲਾ ਅਤੇ ਬਲਾਕ ਫਤਿਹਗੜ੍ਹ ਚੂੜੀਆਂ ਦੇ ਅਧੀਨ ਆਉਂਦੇ 21 ਪਿੰਡਾਂ ਦੇ 40 ਪਰਿਵਾਰਾਂ ਨੂੰ ਕੱਚੇ ਮਕਾਨਾਂ ਦੀ ਆਈ ਗਰਾਂਟ (30 ਹਜਾਰ) ਦੀ ਪਹਿਲੀ ਕਿਸ਼ਤ ਤਕਸੀਮ ਕੀਤੀ।

ਚੇਅਰਮੈਨ ਪਨੂੰ ਨੇ ਕਿਹਾ ਕਿ ਪੰਜਾਬ ਸਰਕਾਰ, ਪਿੰਡਾਂ ਦਾ ਵਿਕਾਸ ਜੰਗੀ ਪੱਧਰ ਤੇ ਕਰਵਾ ਰਹੀ ਹੈ ਅਤੇ ਪਿੰਡਾਂ ਦੇ ਵਿਕਾਸ ਲਈ ਗਰਾਟਾਂ ਦੀ ਕੋਈ ਘਾਟ ਨਹੀਂ ਆਉਣ ਦਿੱਤੀ ਜਾਵੇਗੀ।

ਉਹਨਾਂ ਕਿਹਾ ਕਿ ਲੋੜਵੰਦ ਪਰਿਵਾਰਾਂ ਨੂੰ ਸਰਕਾਰ ਵੱਲੋਂ ਹਰ ਪ੍ਰਕਾਰ ਦਾ ਆਈ ਗਰਾਂਟ ਪੁੱਜਦਾ ਕੀਤੀ ਜਾ ਰਹੀ ਹੈ।

ਇਸ ਮੌਕੇ ਰਾਜਦਵਿੰਦਰ ਸਿੰਘ ਮੰਜਿਆਂਵਾਲੀ, ਸਚਿਨ ਬਾਠ ਸਰਪੰਚ, ਸੁਖਦੇਵ ਸਿੰਘ ਰਿੰਕੂ, ਸੰਦੀਪ ਸਿੰਘ, ਪਲਵਿੰਦਰ ਸਿੰਘ ਬੇਰੀਆਂਵਾਲ, ਸੁਰਜਣ ਮਸੀਹ ਬੇਰੀਆਂਵਾਲ, ਰਾਮ ਸਿੰਘ ਮੁਰੀਦ ਕੇ, ਰਸ਼ਪਾਲ ਸਿੰਘ ਮੁਰੀਦ ਕੇ, ਸੂਬਾ ਸਿੰਘ, ਜਗੀਰ ਸਿੰਘ, ਤਰਸੇਮ ਸਿੰਘ ਜੋਗਾ ਸਿੰਘ, ਰਾਜਵਿੰਦਰ ਸਿੰਘ, ਕਰਮਜੀਤ ਬਰਾੜ ਪੀਏ,ਹਰਪ੍ਰੀਤ ਸਿੰਘ ਖਜਾਨੇ ਕੋਟ, ਰਵਿੰਦਰ ਗਿੱਲ ਕਰਨ ਬਾਠ ਰਘਬੀਰ ਅਠਵਾਲ ਗਗਨਦੀਪ ਸਿੰਘ ਕੁਲਬੀਰ ਸਿੰਘ ਅੰਮ੍ਰਿਤ ਅੰਜਲਾ ਜਗਜੀਤ ਸਿੰਘ ਆਦਿ ਵੱਡੀ ਗਿਣਤੀ ਵਿੱਚ ਆਪ ਵਰਕਰ ਹਾਜ਼ਰ ਸਨ।

ਅਮਨ ਕਾਨੂੰਨ ਦੀ ਵਿਗੜਦੀ ਸਥਿਤੀ ਨੂੰ ਲੈ ਕੇ ਕਾਂਗਰਸੀਆ ਨੇ ਧਰਨਾ ਲਗਾਇਆ

ਅਮਨ ਕਾਨੂੰਨ ਦੀ ਸਥਿਤੀ ਨੂੰ ਲੈ ਕੇ ਮੰਗ ਪੱਤਰ ਦਿੰਦੇ ਹੋਏ ਹਲਕਾ ਧੂਰੀ ਦੇ ਨਿਗਰਾਨ ਰਾਜਿੰਦਰ ਸਿੰਘ ਰਾਜਾ ਬੀਰ ਕਲਾਂ ਅਤੇ ਪੰਜਾਬ ਯੂਥ ਕਾਂਗਰਸ ਦੇ ਜਨਰ

ਇਹ ਮੌਸਮ ਸਦਾਬਹਾਰ ਫਲਦਾਰ ਬੂਟੇ ਲਗਾਉਣ ਲਈ ਬੇਹੱਦ ਢੁੱਕਵਾਂ ਹੈ। ਜੇ ਤੁਸੀਂ ਪਹਿਲਾਂ ਫਲਦਾਰ ਬੂਟੇ ਨਹੀਂ ਲਗਾਏ ਤਾਂ ਹੁਣ ਲਗਾਏ ਜਾ ਸਕਦੇ ਹਨ...

ਬਾਗ਼-ਬਗ਼ੀਚਾ

ਸਤੰਬਰ ਮਹੀਨੇ ਦੇ ਬਾਗ਼ਬਾਨੀ ਕਾਰਜ

• ਡਾ. ਸੁਖਦੀਪ ਸਿੰਘ ਹੁੰਦਲ
75080-18842

ਸਤੰਬਰ ਮਹੀਨੇ ਬਾਰਿਸ਼ਾਂ ਲਗਪਗ ਖ਼ਤਮ ਹੋ ਜਾਂਦੀਆਂ ਹਨ ਤੇ ਗਰਮੀ ਦਾ ਪ੍ਰਕੋਪ ਘਟ ਜਾਂਦਾ ਹੈ। ਮੌਸਮੀ ਤਬਦੀਲੀ ਦੇ ਨਾਲ ਹੀ ਬਾਗ਼ਬਾਨੀ ਫ਼ਸਲਾਂ ਦੀਆਂ ਲੋੜਾਂ ਦੀ ਕਾਫ਼ੀ ਹੱਦ ਤਕ ਬਦਲ ਜਾਂਦੀਆਂ ਹਨ। ਜ਼ਮੀਨ ਕੰਮ ਕਰਨ ਦੇ ਯੋਗ ਹ�ो ਜਾਂਦੀ ਹੈ ਤੇ ਇਸ ਵਿੱਚੋਂ ਨਦੀਨ ਖ਼ਤਮ ਕਰਨ ਲਈ ਇਹ ਢੁੱਕਵਾਂ ਸਮਾਂ ਹੈ। ਇਹ ਮੌਸਮ ਸਦਾਬਹਾਰ ਫਲਦਾਰ ਬੂਟੇ ਲਗਾਉਣ ਲਈ ਵੀ ਢੁੱਕਵਾਂ ਹੈ। ਜੇ ਪਹਿਲਾਂ ਫਲਦਾਰ ਬੂਟੇ ਨਹੀਂ ਲਗਾਏ ਤਾਂ ਹੁਣ ਲਗਾ ਦਿੱਤੇ ਜਾਣ ਅਤੇ ਪਿਛਲੇ ਮਹੀਨੇ ਲਗਾਏ ਨਵੇਂ ਫਲਦਾਰ ਬੂਟਿਆਂ ਦੀ ਦੇਖਭਾਲ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇ। ਵਾਧੂ ਖੜ੍ਹੇ ਪਾਣੀ ਦੀ ਨਿਕਾਸੀ ਦਾ ਉਚਿਤ ਪ੍ਰਬੰਧ ਕਰਨਾ ਚਾਹੀਦਾ ਹੈ ਤਾਂ ਕਿ ਬੂਟਿਆਂ ਦਾ ਨੁਕਸਾਨ ਨਾ ਹੋਵੇ।

ਫਲਦਾਰ ਬੂਟਿਆਂ ਦੀ ਸੰਭਾਲ

ਨਾਸ਼ਪਾਤੀ ਦੀ 'ਪੰਜਾਬ ਬਿਊਟੀ' ਦੇ ਵੱਡੇ ਦਰੱਖ਼ਤਾਂ ਨੂੰ ਅੱਧਾ ਕਿੱਲੋ ਯੂਰੀਆ ਖਾਦ ਪਾ ਦਿਉ। ਅਮਰੂਦ ਦੇ ਦਰੱਖ਼ਤਾਂ ਨੂੰ ਅੱਧਾ ਕਿੱਲੋ ਯੂਰੀਆ, ਸਵਾ ਕਿੱਲੋ ਸਿੰਗਲ ਸੁਪਰਫਾਸਫੇਟ, ਪੌਣਾ ਕਿੱਲੋ ਮਿਊਰੇਟ ਆਫ ਪੋਟਾਸ਼ ਖਾਦਾਂ ਦੀ ਦੂਜੀ ਕਿਸ਼ਤ ਪਾ ਦਿਉ।

ਫੁੱਲਦਾਰ ਬੂਟੇ

ਇਸ ਮਹੀਨੇ ਗਲੈਡੀਓਲਸ, ਨਰਗਿਸ, ਫਰੀਜ਼ੀਆ ਦੇ ਗੰਢਿਆਂ ਦੀ ਬਿਜਾਈ ਕੀਤੀ ਜਾ ਸਕਦੀ ਹੈ। ਗੰਢੀਆਂ ਦੀ ਬਿਜਾਈ ਤੋਂ ਪਹਿਲਾਂ 2 ਗ੍ਰਾਮ ਬਾਵਿਸਟਨ ਪ੍ਰਤੀ ਲੀਟਰ ਪਾਣੀ ਦੇ ਘੋਲ ਵਿਚ ਅੱਧਾ ਘੰਟਾ ਰੱਖ ਕੇ ਸੋਧ ਲਵੋ। ਇਹ ਸਰਦ ਰੁੱਤ ਦੇ ਮੌਸਮੀ ਫੁੱਲਾਂ ਦੀ ਪਨੀਰੀ ਤਿਆਰ ਕਰਨ ਲਈ ਬਹੁਤ ਢੁੱਕਵਾਂ ਸਮਾਂ ਹੈ, ਇਸ ਲਈ ਪਨੀਰੀ ਲਗਾਉਣ ਲਈ ਬੀਜ ਬੀਜਣ ਉਪਰੰਤ ਹਲਕਾ ਪਾਣੀ ਲਗਾ ਦਿਉ। ਗੁਲਾਬ ਦੇ ਬੂਟਿਆਂ ਨੂੰ ਪਾਣੀ ਦੇਣਾ ਬੰਦ ਕਰ ਦਿਉ ਤਾਂ ਜੋ ਇਸ ਮਹੀਨੇ ਦੇ ਚੌਥੇ ਹਫ਼ਤੇ ਕਾਂਟ-ਛਾਂਟ ਕੀਤੀ ਜਾ ਸਕੇ। ਗੁਲਦਾਉਦੀ ਤੇ ਗੰਦੇ ਉੱਪਰ ਪੱਤਾ ਧੱਬਾ ਰੋਗ ਦੀ ਰੋਕਥਾਮ ਲਈ 2 ਗ੍ਰਾਮ ਇੰਡੋਫਿਲ ਐੱਮ-45 ਦਵਾਈ ਪ੍ਰਤੀ ਲੀਟਰ ਪਾਣੀ ਦੇ ਹਿਸਾਬ ਨਾਲ ਛਿੜਕਾਅ ਕਰੋ। ਪੱਕੇ ਬੂਟਿਆਂ ਤੇ ਵੇਲਾਂ ਦੀ ਕਾਂਟ-ਛਾਂਟ ਕਰ ਕੇ ਇਨ੍ਹਾਂ ਨੂੰ ਲੋੜੀਂਦਾ ਆਕਾਰ ਦਿੱਤਾ ਜਾ ਸਕਦਾ ਹੈ। ਘਾਹ ਦੇ ਲਾਅਨ ਦੀ ਕਟਾਈ ਕਰਦੇ ਰਹੋ ਤੇ ਇਸ ਨੂੰ ਹਰਾ ਭਰਿਆ ਰੱਖਣ ਲਈ ਇਕ ਕਿੱਲੋ ਕਿਸਾਨ ਖਾਦ ਜਾਂ ਅੱਧਾ ਕਿੱਲੋ ਯੂਰੀਆ ਖਾਦ ਪ੍ਰਤੀ 1,000 ਵਰਗ ਫੁੱਟ ਦੇ ਹਿਸਾਬ ਨਾਲ ਪਾਉ।

ਲੁਕਾਠ ਦੇ ਦਰੱਖ਼ਤਾਂ ਨੂੰ 50 ਕਿੱਲੋ ਰੂੜੀ, ਦੋ ਕਿੱਲੋ ਸਿੰਗਲ ਸੁਪਰਫਾਸਫੇਟ, ਡੇਢ ਕਿੱਲੋ ਮਿਊਰੇਟ ਆਫ ਪੋਟਾਸ਼ ਖਾਦ ਪਾਉ। ਮੌਸਮ ਨੂੰ ਨਮੀ ਜ਼ਿਆਦਾ ਹੋਣ ਕਰਕੇ ਨਿੰਬੂ ਜਾਤੀ ਦੇ ਫਲਾਂ ਤੇ ਕਈ ਕੀੜਿਆਂ ਤੇ ਬਿਮਾਰੀਆਂ ਦਾ ਹਮਲਾ ਵੇਖਣ ਨੂੰ ਮਿਲਦਾ ਹੈ।

ਫਲਾਂ ਦਾ ਕੇਰਾ ਰੋਕਣ ਲਈ 2.5 ਮਿਲੀਲਿਟਰ ਜੀਰਮ 27 ਐੱਸਸੀ ਜਾਂ 1 ਮਿਲੀਲਿਟਰ ਪ੍ਰੋਪੀਕੋਨਾਜੋਲ 25 ਈਸੀ ਜਾਂ 1 ਗ੍ਰਾਮ ਬਾਵਿਸਟਨ+0.01 ਗ੍ਰਾਮ 2,4 ਡੀ (ਸੋਡੀਅਮ ਸਾਲਟ ਹਾਰਟੀਕਲਚਰ ਗਰੇਡ), ਸੁਰੰਗੀ ਕੀੜੇ ਤੇ ਸਿਟਰਸ ਸਿੱਲਾ ਦੀ ਰੋਕਥਾਮ ਲਈ 0.32 ਗ੍ਰਾਮ ਐਕਟਾਰਾ 25 ਡਬਲਿਊਜੀ ਜਾਂ 0.4 ਮਿਲੀਲਿਟਰ ਕਰੋਕੋਡਾਈਲ, ਚਿੱਟੀ ਮੱਖੀ ਦੀ ਰੋਕਥਾਮ ਲਈ 2 ਮਿਲੀਲਿਟਰ ਫੋਸਮਾਈਟ, ਟਾਹਣੀਆਂ ਸੁੱਕਣ ਅਤੇ ਫਲ ਗਲਣ ਦੀ ਰੋਕਥਾਮ ਲਈ 3 ਗ੍ਰਾਮ ਕਾਪਰ ਔਕਸੀਕਲੋਰਾਈਡ ਪ੍ਰਤੀ ਲੀਟਰ ਪਾਣੀ ਦੇ ਹਿਸਾਬ ਸਪਰੇਅ ਕਰੋ।

ਅੰਗੂਰ ਦੇ ਬੂਟਿਆਂ ਨੂੰ ਸੁੱਕਣ ਤੋਂ ਬਚਾਉਣ ਲਈ 1 ਮਿਲੀਲਿਟਰ ਸਕੋਰ ਪ੍ਰਤੀ ਲੀਟਰ ਪਾਣੀ ਅਤੇ ਪੀਲੇ ਧੱਬਿਆਂ ਦੇ ਰੋਗ ਦੀ ਰੋਕਥਾਮ ਲਈ ਬੋਰਡੋ ਮਿਸ਼ਰਣ 2:2:250 ਦੇ ਹਿਸਾਬ ਨਾਲ ਸਪਰੇਅ ਕਰੋ। ਬੇਰਾਂ ਵਿਚ ਲਾਖ ਦੇ ਕੀੜੇ ਦੀ ਰੋਕਥਾਮ ਲਈ 1 ਮਿਲੀਲਿਟਰ ਰੋਗਰ, ਚਿੱਟੇ ਰੋਗ ਦੀ ਰੋਕਥਾਮ ਲਈ 0.5 ਮਿਲੀਲਿਟਰ ਕੈਰਾਥੇਨ ਜਾਂ 0.5 ਗ੍ਰਾਮ ਬੈਲੇਟਾਨ ਜਾਂ 2.5 ਗ੍ਰਾਮ ਘੁਲਣਸ਼ੀਲ ਗੰਧਕ, ਪੱਤਿਆਂ ਦੇ ਧੱਬਿਆਂ ਦੀ ਰੋਕਥਾਮ ਲਈ 3 ਗਾਮ ਕਾਪਰ ਔਕਸੀਕਲੋਰਾਈਡ ਪ੍ਰਤੀ ਲੀਟਰ ਪਾਣੀ ਦੇ ਹਿਸਾਬ ਨਾਲ ਸਪਰੇਅ ਕਰੋ।

ਘਰੇਲੂ ਬਗ਼ੀਚੀ ਤੇ ਸਬਜ਼ੀਆਂ

ਸਰਦ ਰੁੱਤ ਦੀਆਂ ਸਬਜ਼ੀਆਂ ਦੀ ਘਰੇਲੂ ਬਗ਼ੀਚੀ 'ਚ ਲਗਾਉਣ ਲਈ ਬਾਗ਼ਬਾਨੀ ਵਿਭਾਗ ਜਾਂ ਪੀਏਯੂ ਲੁਧਿਆਣਾ ਤੋਂ ਸਬਜ਼ੀ ਬੀਜਾਂ ਦੀ ਕਿੱਟ ਲੈ ਕੇ ਬਿਜਾਈ ਕਰ ਦਿਉ। ਵਪਾਰਕ ਪੱਧਰ ਲਈ ਮੂਲੀ ਦੀ ਪੂਸਾ ਚੇਤਕੀ ਕਿਸਮ, ਗਾਜਰ ਦੀ ਪੰਜਾਬ ਕੈਰਟ ਰੈੱਡ/ਬਲੈਕ ਬਿਊਟੀ ਅਤੇ ਸ਼ਲਗਮ ਦੀ ਐੱਲ-1 ਦੇਸੀ ਕਿਸਮਾਂ ਦੀ ਬਿਜਾਈ ਸ਼ੁਰੂ ਕਰ ਦਿਉ।। ਮੂਲੀ ਅਤੇ ਗਾਜਰ ਲਈ 25-30 ਗ੍ਰਾਮ ਅਤੇ ਸ਼ਲਗਮ ਲਈ 13 ਗ੍ਰਾਮ ਬੀਜ ਪ੍ਰਤੀ ਮਰਲਾ ਵਰਤੋ।

ਬੀਜਣ ਤੋਂ ਪਹਿਲਾਂ 100 ਕਿੱਲੋ ਰੂੜੀ, 350 ਗ੍ਰਾਮ ਯੂਰੀਆ, 470 ਗ੍ਰਾਮ ਸਿੰਗਲ ਸੁਪਰਫਾਸਫੇਟ ਖਾਦ ਪ੍ਰਤੀ ਮਰਲਾ ਪਾਉ।। ਗਾਜਰ ਲਈ 312 ਗ੍ਰਾਮ ਮਿਊਰੇਟ ਆਫ ਪੋਟਾਸ਼ ਖਾਦ ਪਾਉ। 45 ਸੈਂਟੀਮੀਟਰ ਦੀ ਦੂਰੀ 'ਤੇ ਵੱਟਾਂ ਬਣਾ ਕੇ 7.5 ਸੈਂਟੀਮੀਟਰ ਬੂਟੇ ਤੋਂ ਬੂਟੇ ਦਾ ਫ਼ਾਸਲਾ ਰੱਖ ਕੇ ਚੰਗੇ ਵੱਤਰ ਵਿਚ ਬੀਜ ਲਗਾਉ। ਫੁੱਲ ਗੋਭੀ, ਬੰਦ ਗੋਭੀ ਲਈ 280 ਗ੍ਰਾਮ ਯੂਰੀਆ, 970 ਗ੍ਰਾਮ ਸਿੰਗਲ ਸੁਪਰਫਾਸਫੇਟ ਤੇ 250 ਗ੍ਰਾਮ ਮਿਊਰੇਟ ਆਫ ਪੋਟਾਸ਼ ਖਾਦ ਪ੍ਰਤੀ ਮਰਲਾ ਪਾਉ ਅਤੇ।ਫਿਰ ਵੱਟਾਂ 'ਤੇ 4-6 ਹਫ਼ਤੇ ਦੀ ਪਨੀਰੀ ਲਗਾ ਦਿਉ। ਆਲੂ ਦੀਆਂ ਅਗੇਤੀਆਂ ਕਿਸਮਾਂ ਲਗਾਉਣ ਲਈ ਬੀਜ ਸਟੋਰ ਵਿੱਚੋਂ ਕੱਢ ਕੇ ਹਵਾਦਾਰ ਕਮਰੇ 'ਚ ਪਤਲੀ ਤਹਿ ਵਿਚ ਵਿਛਾ ਦਿਉ ਤੇ ਦਿਨ ਵਿਚ ਇਕ ਵਾਰ ਪਲਟਾਉ।

ਬੀਜ ਨੂੰ ਰੋਗ ਰਹਿਤ ਕਰਨ ਲਈ 2.5 ਮਿਲੀਲਿਟਰ ਮੋਨਸਰਨ ਦਵਾਈ ਪ੍ਰਤੀ ਲੀਟਰ ਪਾਣੀ 'ਚ ਘੋਲ ਕੇ 10 ਮਿੰਟ ਲਈ ਡਿਉ ਕੇ ਸੋਧ ਲਵੋ। ਬਿਜਾਈ ਸਮੇਂ 125 ਕੁਇੰਟਲ ਰੂੜੀ ਖਾਦ, 500 ਗ੍ਰਾਮ ਯੂਰੀਆ, 970 ਗ੍ਰਾਮ ਸਿੰਗਲ ਸੁਪਰਫਾਸਫੇਟ ਤੇ 250 ਗ੍ਰਾਮ ਮਿਊਰੇਟ ਆਫ ਪੋਟਾਸ਼ ਖਾਦ ਪ੍ਰਤੀ ਮਰਲਾ ਪਾਉ ਅਤੇ ਫਿਰ ਵੱਟਾਂ 'ਤੇ ਆਲੂ ਲਗਾ ਦਿਉ। ਮਟਰ ਲਈ ਜਲਦੀ ਪੱਕਣ ਵਾਲੀਆਂ ਕਿਸਮਾਂ ਏਪੀ-3, ਅਗੇਤਾ-6, ਅਗੇਤਾ-7 ਜਾਂ ਅਰਕਲ ਦਾ 280 ਗ੍ਰਾਮ ਬੀਜ ਰਾਈਜ਼ੋਬੀਅਮ ਟੀਕੇ ਨਾਲ ਸੋਧ ਕੇ ਲਗਾਉਣ ਤੋਂ ਪਹਿਲਾਂ 280 ਗ੍ਰਾਮ ਯੂਰੀਆ, 970 ਗ੍ਰਾਮ ਸਿੰਗਲ ਸੁਪਰਫਾਸਫੇਟ ਖਾਦ ਪ੍ਰਤੀ ਮਰਲਾ ਪਾਉ।

ਪਾਲਕ ਦੀ ਪੰਜਾਬ ਗਰੀਨ ਜਾਂ ਸੁਪਰੀਮ ਕਿਸਮ ਦਾ 25-40 ਗ੍ਰਾਮ ਬੀਜ ਪ੍ਰਤੀ ਮਰਲਾ ਪਾ ਕੇ ਕਤਾਰਾਂ ਵਿਚ 20 ਸੈਂਟੀਮੀਟਰ ਦਾ ਫ਼ਾਸਲਾ ਰੱਖ ਕੇ 3-4 ਸੈਂਟੀਮੀਟਰ ਡੂੰਘਾ ਬੀਜ ਦਿਉ। ਲਸਣ ਦੀ ਬਿਜਾਈ ਤੋਂ ਪਹਿਲਾਂ 125 ਕਿੱਲੋ ਰੂੜੀ ਖਾਦ, 250 ਗ੍ਰਾਮ ਯੂਰੀਆ, 970 ਗ੍ਰਾਮ ਸਿੰਗਲ ਸੁਪਰਫਾਸਫੇਟ ਖਾਦ ਪ੍ਰਤੀ ਮਰਲਾ ਪਾ ਕੇ ਡੇਢ ਕਿੱਲੋ ਤੁਰੀਆਂ ਕਤਾਰ ਤੋਂ ਕਤਾਰ 15 ਸੈਂਟੀਮੀਟਰ ਤੇ ਬੂਟਿਆਂ ਵਿਚ ਫ਼ਾਸਲਾ 7.5 ਸੈਂਟੀਮੀਟਰ ਰੱਖ ਕੇ ਪ੍ਰਤੀ ਮਰਲਾ ਬਿਜਾਈ ਕਰ ਦਿਉ। •

ਖੁੰਬਾਂ ਦੀ ਕਾਸ਼ਤ

ਪਰਾਲੀ ਵਾਲੀ ਖੁੰਬ ਦੀ ਗਰਮੀਆਂ 'ਚ ਕਾਸ਼ਤ ਕਰਨ ਲਈ ਪਰਾਲੀ ਇਕੱਠੀ ਕਰ ਲਵੋ ਤੇ ਛੋਟੇ ਪੂਲੇ ਬਣਾ ਕੇ ਸ਼ੈੱਡ ਵਿਚ ਰੱਖ ਦਿਉ। ਬਟਨ ਖੁੰਬ ਲਈ ਕੰਪੋਸਟ ਤਿਆਰ ਕਰਨ ਵਾਸਤੇ ਤੀਸਰੇ ਹਫ਼ਤੇ ਕੰਮ ਸ਼ੁਰੂ ਕਰ ਦਿਉ ਤੇ ਲੋੜ ਅਨੁਸਾਰ ਖੁੰਬ ਸਪਾਨ (ਬੀਜ) ਵੀ ਬੁੱਕ ਕਰਵਾ ਦਿਉ।

ਸ਼ਹਿਦ ਦੀਆਂ ਮੱਖੀਆਂ ਦੀ ਸਾਂਭ-ਸੰਭਾਲ

ਸ਼ਹਿਦ ਮੱਖੀਆਂ ਦੇ ਬਕਸਿਆਂ ਦਾ ਨਰੀਖਣ ਕਰਦੇ ਰਹੋ ਤੇ ਬਕਸਿਆਂ ਵਿੱਚੋਂ ਪੋਕਿਆ ਹੋਇਆ ਸ਼ਹਿਦ ਕੱਢ ਲਵੋ।। ਵਰੋਆ ਚਿੱਚੜੀ ਦਾ ਹਮਲਾ ਧਿਆਨ ਵਿਚ ਆਉਣ 'ਤੇ ਅਗਜ਼ੈਲਿਕ ਐਸਿਡ ਦਾ ਘੋਲ ਤਿਆਰ ਕਰ ਕੇ ਹਫ਼ਤੇ ਦੇ ਵਕਫੇ 'ਤੇ ਤਿੰਨ ਵਾਰ ਸ਼ਾਮ ਨੂੰ ਸਪਰੇਅ ਕਰੋ। ਸਟੋਰ ਕੀਤੇ ਵਾਧੂ ਛੱਤਿਆਂ ਨੂੰ ਮੋਮੀ ਕੀੜੇ ਤੋਂ ਬਚਾਉਣ ਲਈ ਲੋੜੀਂਦੇ ਪ੍ਰਬੰਧ ਕਰੋ। ਰਾਣੀ ਮੱਖੀ ਤਿਆਰ ਕਰਨ ਲਈ ਮਾਹਿਰਾਂ ਦੀ ਸਲਾਹ ਲਵੋ।

ਝੋਨਾ/ਬਾਸਮਤੀ
ਕਾਲੇ ਤੇਲੇ ਤੇ ਭੂਰੇ ਟਿੱਡਿਆਂ ਦੀ ਰੋਕਥਾਮ

• ਡਾ. ਅਮਰੀਕ ਸਿੰਘ
94630-71919

ਸਿੰਥੈਟਿਕ ਪਰਿਥਰਾਇਡ ਜ਼ਹਿਰਾਂ ਦੀ ਵਰਤੋਂ ਨਾਲ ਚਿੱਟੀ ਪਿੱਠ ਵਾਲੇ ਤੇ ਭੂਰੇ ਟਿੱਡਿਆਂ ਦੀ ਗਿਣਤੀ ਵਧ ਜਾਂਦੀ ਹੈ। ਫ਼ਸਲ ਉੱਪਰ ਇਨ੍ਹਾਂ ਜ਼ਹਿਰਾਂ ਦੀ ਵਰਤੋਂ ਨਹੀਂ ਕਰਨੀ ਚਾਹੀਦੀ। ਪੱਕਣ 'ਚ ਜ਼ਿਆਦਾ ਸਮਾਂ ਲੈਣ ਵਾਲੀਆਂ ਕਿਸਮਾਂ ਉੱਪਰ ਕਾਲੇ ਤੇਲੇ ਦੀ ਸਮੱਸਿਆ ਵਧੇਰੇ ਆਉਂਦੀ ਹੈ। ਕਿਸਾਨਾਂ ਨੂੰ ਘੱਟ ਸਮੇਂ 'ਚ ਪੱਕਣ ਵਾਲੀਆਂ ਕਿਸਮਾਂ ਦੀ ਹੀ ਚੋਣ ਕਰਨੀ ਚਾਹੀਦੀ ਹੈ ਤੇ ਮਾਹਿਰਾਂ ਦੀ ਰਾਏ ਅਨੁਸਾਰ ਹੀ ਖੇਤੀ ਰਸਾਇਣਾਂ ਦੀ ਵਰਤੋਂ ਕਰਨੀ ਚਾਹੀਦੀ ਹੈ...

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਤੇ ਖੇਤੀਬਾੜੀ ਵਿਭਾਗ ਵੱਲੋਂ ਕਿਸਾਨਾਂ ਨੂੰ ਫ਼ਸਲੀ ਸਮੱਸਿਆਵਾਂ ਦੀਆਂ ਸੰਭਾਵਨਾਵਾਂ ਪ੍ਰਤੀ ਜਾਗਰੂਕ ਕਰਨ ਤੇ ਕੀੜਿਆਂ ਦੀ ਸੁਚੱਜੀ ਰੋਕਥਾਮ ਲਈ ਸਮੇਂ-ਸਮੇਂ ਸੁਚੇਤ ਕੀਤਾ ਜਾਂਦਾ ਹੈ। ਕਪਾਹ ਪੱਟੀ 'ਚ ਇਸ ਦੇ ਸਾਰਥਕ ਨਤੀਜੇ ਮਿਲੇ ਹਨ। ਮੌਸਮ ਅਨਕੂਲ ਰਹਿਣ ਕਾਰਨ ਝੋਨੇ ਦੀ ਫ਼ਸਲ ਵੀ ਤਕਰੀਬਨ ਕੀੜਿਆਂ ਤੇ ਬਿਮਾਰੀਆਂ ਤੋਂ ਰਹਿਤ ਹੈ।

ਕੁਝ ਦਿਨਾਂ ਤੋਂ ਕੁਝ ਕਿਸਾਨ ਝੋਨੇ ਉੱਪਰ ਕਾਲੇ ਤੇਲੇ ਦੀ ਰੋਕਥਾਮ ਬਾਰੇ ਪੁੱਛ ਰਹੇ ਹਨ। ਮਾਹਿਰਾਂ ਵੱਲੋਂ ਸੁਚੇਤ ਕਰਨ ਦੇ ਬਾਵਜੂਦ ਕੁਝ ਕਿਸਾਨ, ਸਿਫਾਰਸ਼ ਅਨੁਸਾਰ ਕੀਟਨਾਸ਼ਕਾਂ ਦੀ ਵਰਤੋਂ ਨਾ ਕਰ ਕੇ ਆਂਢੀਆਂ-ਗੁਆਂਢੀਆਂ ਦੇ ਕਹਿਣ 'ਤੇ ਗ਼ੈਰ ਸਿਫਾਰਸ਼ੀ ਕੀਟਨਾਸ਼ਕਾਂ ਦੀ ਵਰਤੋਂ ਕਰ ਕੇ ਸਮੱਸਿਆ ਨੂੰ ਵਧਾ ਲੈਂਦੇ ਹਨ।

ਜਾਣਕਾਰੀ ਅਨੁਸਾਰ ਕਿਸਾਨਾਂ ਵੱਲੋਂ ਬੁਫਰਾਫਾਈਜ਼ਿਨ, ਡੈਂਟਾਫ, ਥਿਮਟ, ਡਾਈਕਲੋਰੋਵਾਸ, ਨੋਵਾਨ, ਸਾਈਪਰ ਮੈਥਾਰਿਨ, ਲੈਂਬਡਾਸਾਈਹੈਲੋਥਰਿਨ, ਡੈਲਟਾਮੈਥਰਿਨ ਤੇ ਕੀਟਨਾਸ਼ਕਾਂ ਦੇ ਮਿਸ਼ਰਣ ਦੀ ਵਰਤੋਂ, ਛਿੜਕਾਅ ਦੇ ਗ਼ਲਤ ਤਰੀਕੇ, ਵਧੇਰੇ ਮਾਤਰਾ, ਯੂਰੀਆ ਖਾਦ ਦੀ ਵਧੇਰੇ ਵਰਤੋਂ (ਤਿੰਨ ਤੋਂ ਚਾਰ ਬੈਗ ਪ੍ਰਤੀ ਏਕੜ), ਸਿੰਥੈਟਿਕ ਪੈਰਾਥਾਇਡ ਤੇ ਦੋ ਜਾਂ ਜੋ ਤੋਂ ਵੱਧ ਕੀਟਨਾਸ਼ਕਾਂ ਦੇ ਮਿਸ਼ਰਣ ਦਾ ਛਿੜਕਾਅ ਕਰਨਾ ਅਜਿਹੇ ਕਾਰਨ ਹਨ, ਜੋ ਸਮੱਸਿਆ ਨੂੰ ਘਟਾਉਣ ਦੀ ਥਾਂ ਵਧਾਉਂਦੇ ਹਨ। ਸਿੰਥੈਟਿਕ ਪੈਰਾਥਾਇਡ ਦੀ ਵਰਤੋਂ ਨਾਲ ਖੇਤ 'ਚ ਕਾਲੇ ਤੇਲੇ ਦੇ ਵਾਧੇ ਲਈ ਮਾਹੌਲ ਅਨਕੂਲ ਬਣ ਜਾਂਦਾ ਹੈ ਤੇ ਤੇਲੇ ਦੀ ਗਿਣਤੀ ਤੇਜ਼ੀ ਨਾਲ ਵਧਦੀ ਹੈ।

ਸਿੰਥੈਟਿਕ ਪਰਿਥਰਾਇਡ ਜ਼ਹਿਰਾਂ ਨਾ ਵਰਤੋ

ਬਹੁਤ ਸਾਰੇ ਕੀੜੇ ਜੁਲਾਈ ਤੋਂ ਅਕਤੂਬਰ ਤਕ ਬੂਟਿਆਂ ਦੇ ਹੇਠਲੇ ਪਾਸਿਓਂ ਝੁੰਡਾਂ ਦੇ ਰੂਪ 'ਚ ਰਸ ਚੂਸਦੇ ਹਨ। ਇਸ ਨਾਲ ਫ਼ਸਲ ਪੋਜ਼ੀਆਂ 'ਚ ਸੁੱਕਣੀ ਸ਼ੁਰੂ ਹੋ ਜਾਂਦੀ ਹੈ। ਆਮ ਕਿਸਾਨ ਇਸ ਨੂੰ ਝੁਲਸ ਰੋਗ ਸਮਝ ਕੇ ਉੱਲੀ ਨਾਸ਼ਕ ਦਵਾਈਆਂ ਜਾਂ ਦਾਣੇਦਾਰ ਕੀਟਨਾਸ਼ਕ ਰਸਾਇਣਾਂ ਦੀ ਵਰਤੋਂ ਸ਼ੁਰੂ ਕਰ ਦਿੰਦੇ ਹਨ। 2013-14 ਦੌਰਾਨ ਝੋਨੇ ਤੇ ਬਾਸਮਤੀ ਦੀ ਫ਼ਸਲ ਦਾ ਕੀੜਿਆਂ ਨੇ ਬਹੁਤ ਨੁਕਸਾਨ ਕੀਤਾ ਸੀ। ਸਿੰਥੈਟਿਕ ਪਰਿਥਰਾਇਡ ਜ਼ਹਿਰਾਂ ਦੀ ਵਰਤੋਂ ਨਾਲ ਚਿੱਟੀ ਪਿੱਠ ਵਾਲੇ ਤੇ ਭੂਰੇ ਟਿੱਡਿਆਂ ਦੀ ਗਿਣਤੀ ਵਧ ਜਾਂਦੀ ਹੈ। ਇਸ ਲਈ ਫ਼ਸਲ ਉੱਪਰ ਇਨ੍ਹਾਂ ਜ਼ਹਿਰਾਂ ਦੀ ਵਰਤੋਂ ਨਹੀ ਕਰਨੀ ਚਾਹੀਦੀ।

ਦਵਾਈਆਂ ਦੇ ਮਿਸ਼ਰਣ

ਕਿਸਾਨਾਂ ਵੱਲੋਂ ਕਾਲੇ ਤੇਲੇ ਦੀ ਰੋਕਥਾਮ ਲਈ ਵਰਤੇ ਜਾ ਰਹੇ ਕੀਟਨਾਸ਼ਕ ਤੇ ਮਾਹਿਰਾਂ ਦੀਆਂ ਸਿਫਾਰਸ਼ਾਂ ਦੇ ਉਲਟ ਹਨ। ਬੀਤੇ ਵਰ੍ਹਿਆ ਦੌਰਾਨ ਕਾਲੇ ਤੇਲੇ ਦਾ ਵਧੇਰੇ ਜ਼ੋਰ ਮਾਲਵੇ ਦੇ ਜ਼ਿਲ੍ਹਿਆਂ ਵਿਚ ਅਤੇ ਵੱਧ ਸਮੇਂ ਵਾਲੀਆਂ ਕਿਸਮਾਂ ਪੂਸਾ-44, ਮੁੱਛਲ, ਬਾਸਮਤੀ-1121 ਉੱਪਰ ਵਧੇਰੇ ਰਿਹਾ। ਘੱਟ ਸਮਾਂ ਲੈਣ ਵਾਲੀਆਂ ਕਿਸਮਾਂ 'ਤੇ ਕੋਈ ਸਮੱਸਿਆ ਨਹੀਂ ਆਈ ਕਿਉਂਕਿ ਕਾਲਾ ਤੇਲਾ ਸਤੰਬਰ ਦੇ ਅਖ਼ੀਰ ਤੇ ਅਕਤੂਬਰ ਦੇ ਪਹਿਲੇ ਹਫ਼ਤੇ ਦੌਰਾਨ ਹਮਲਾ ਕਰਦਾ ਹੈ ਜਿਸ ਕਾਰਨ ਲੰਬੇ ਸਮੇਂ ਵਾਲੀਆਂ ਕਿਸਮਾਂ ਦਾ ਵਧੇਰੇ ਨੁਕਸਾਨ ਹੁੰਦਾ ਹੈ। ਥੋੜ੍ਹੇ ਸਮੇਂ 'ਚ ਪੱਕਣ ਵਾਲੀਆਂ ਕਿਸਮਾਂ ਸਤੰਬਰ ਦੇ ਅਖ਼ੀਰ ਜਾਂ ਅਕਤੂਬਰ ਦੇ ਪਹਿਲੇ ਹਫ਼ਤੇ ਪੱਕ ਜਾਂਦੀਆਂ ਹਨ। ਮਾਝੇ 'ਚ ਕਾਲੇ ਤੇਲੇ ਦੀ ਸਮੱਸਿਆ ਗੰਭੀਰ ਨਾ ਹੋਣ ਦੇ ਕਾਰਨਾਂ 'ਚ ਕਿਸਾਨਾਂ ਵੱਲੋਂ ਘੱਟ ਸਮੇਂ ਵਾਲੀਆਂ ਸਿਫਾਰਸ਼ ਕੀਤੀਆਂ ਕਿਸਮਾਂ ਦੀ ਕਾਸ਼ਤ, ਪੂਸਾ-44 ਕਿਸਮ ਹੇਠ ਨਾਮਾਤਰ ਰਕਬਾ, ਯੂਰੀਆ ਖਾਦ ਦੀ ਲੋੜ ਅਨੁਸਾਰ ਵਰਤੋਂ ਤੇ ਕੀਟਨਾਸ਼ਕਾਂ ਦੇ ਮਿਸ਼ਰਣ ਬਣਾ ਕੇ ਛਿੜਕਾਅ ਨਾ ਕਰਨਾ ਹੈ। ਕਿਸਾਨਾਂ ਨੂੰ ਝੋਨੇ ਤੇ ਦੂਸਰੀਆਂ ਫ਼ਸਲਾਂ ਦੇ ਕੀੜਿਆਂ ਦੀ ਪਛਾਣ, ਹੋਣ ਵਾਲੇ ਨੁਕਸਾਨ ਤੇ ਕੀੜਿਆਂ ਦੀ ਸਹੀ ਰੋਕਥਾਮ ਬਾਰੇ ਜਾਣਕਾਰੀ ਹੋਣੀ ਲਾਜ਼ਮੀ ਹੈ। ਜਿਹੜੇ ਕਿਸਾਨ ਸਮੱਸਿਆ ਦੇ ਹੱਲ ਲਈ ਦੁਕਾਨਦਾਰਾਂ 'ਤੇ ਨਿਰਭਰ ਕਰਦੇ ਹਨ ਉਹ ਫ਼ਾਇਦੇ ਦੀ ਥਾਂ ਨੁਕਸਾਨ

ਸ਼ਹਾਦਤ ਦੇ ਅਰਥ

• ਜੋਗਿੰਦਰ ਸਿੰਘ ਪ੍ਰਿੰਸੀਪਲ
90506-80370

'ਸ਼ਹੀਦ' ਸ਼ਬਦ ਫਰਾਸੀ ਦੇ ਸ਼ਬਦ 'ਸ਼ਾਹਿਦ' ਤੋਂ ਨਿਕਲਿਆ ਹੈ ਜਿਸ ਦੇ ਅਰਥ ਹਨ 'ਗਵਾਹ' (ਗੁਆਹ) ਜਾਂ 'ਜ਼ਾਮਨ'।

ਸ਼ਹਾਦਤ ਸ਼ਬਦ ਤੋਂ ਭਾਵ ਉਚੇਰੇ ਤੇ ਮਹਾਨ ਕਾਰਜਾਂ ਲਈ ਦਿੱਤੀ ਗਈ ਗਵਾਹੀ (ਗੁਆਹੀ) ਜਾਂ ਓਟੀ ਗਈ ਜ਼ਮਾਨਤ। ਵਾਸਤਵ 'ਚ ਸ਼ਹਾਦਤ ਮਹਾਨ ਉਦੇਸ਼ ਪੂਰਵਕ ਆਦਰਸ਼ ਤੇ ਲੋਕ ਜਨ-ਹਿੱਤ ਕਾਰਜਾਂ ਲਈ ਦਿੱਤੀ ਕੁਰਬਾਨੀ ਦੀ ਸਾਖੀ ਭਰਦੀ ਹੈ।

ਸ਼ਹਾਦਤ ਦਾ ਜਾਮਾ ਏ ਪਵਿੱਤਰ ਤੇ ਪੁਨੀਤਾ ਧਰਮ, ਨਿਆਇ ਤੇ ਪਰਉਪਕਾਰੀ ਪ੍ਰਵਿਰਤੀ ਇਸ ਦੀ ਵਾਸਤਵਿਕ ਪਛਾਣ ਹੁਣ ਸਿਦਕ ਤੇ ਈਮਾਨ ਇਸ ਦੇ ਸਾਰਥੀ ਹਨ। ਸਾਹਸ ਇਸ ਦੀ ਥੰਮ੍ਹੀ ਏ। ਮਨੋਬਲ ਇਸ ਦਾ ਮਹਾਰਥੀ ਏ। ਸੂਰਬੀਰਤਾ ਇਸ ਦੀ ਪਰਖ ਹੈ। ਕਾਇਰਤਾ ਇਸ ਨੂੰ ਡੰਗਦੀ ਤੇ ਡੱਸਦੀ ਹੈ। ਸਵੈਮਾਨ ਇਸ ਦਾ ਸ਼ਿੰਗਾਰ ਹੈ। ਹੱਕ ਇਸ ਦਾ ਨਾਅਰਾ ਹੈ, ਫਰਜ਼ ਇਸ ਦਾ ਮਸ਼ਾਲਚੀ ਏ। ਸ਼ਹਾਦਤ ਦਾ ਸ਼ਬਦ ਹੀ, ਦੀਵਾਨਿਆਂ, ਮਸਤਾਨਿਆਂ, ਪਰਵਾਨਿਆਂ, ਨੂੰ ਰੂਹ ਤਕ ਖਿੱਚ ਪਾਉਂਦਾ ਹੈ। ਸ਼ਹਾਦਤ ਜਿਹੀ ਪਵਿੱਤਰ ਭਾਵਨਾ ਤਾਂ ਕਿਸੇ ਉਚੇਰੇ ਤੇ ਸੁਚੇਰੇ ਕਾਰਜ ਦਾ ਸੰਦੇਸ਼ ਵਾਹਕ ਬਣ ਕੇ ਲਲਕਾਰਨ ਲਈ ਸਾਹਮਣੇ ਆ ਖੜ੍ਹੀ ਹੁੰਦੀ ਹੈ। ਚੇਤੇ ਰਹੇ, ਸ਼ਹਾਦਤ ਅਨਮੋਲ, ਅਮੁੱਕ ਤੇ ਅਰੁੱਕ ਭਾਵਪੂਰਵਕ ਹਾਵਾਂ-ਭਾਵਾਂ ਦੀ ਤਰਜਮਾਨੀ ਦੀ ਪ੍ਰਤੀਕ ਹੈ। ਆਓ ਜ਼ਰਾ ਸੋਚੀਏ ਕੀ ਰੂਪ-ਰੇਖਾ ਅਤੇ ਗੁਣਵਤਾ ਏ ਸ਼ਹਾਦਤ ਦੀ?

'ਸ਼ਹਾਦਤ' ਇਕ ਉਦੇਸ਼-ਪੂਰਵਕ ਦ੍ਰਿੜ ਸੰਕਲਪੀ ਅਤੇ ਮਾਨਵ ਹਿੱਤਕਾਰੀ ਕਿਰਿਆ ਹੈ ਜਾਂ ਫਿਰ ਇਹ ਕਿਸੇ ਜਨ-ਹਿੱਤ ਕਲਿਆਣਕਾਰੀ ਵਿਚਾਰਧਾਰਾ 'ਤੇ ਆਧਾਰਤ ਹੈ। ਪਰਉਪਕਾਰੀ ਮਨੋਰਥ ਇਸ ਦੇ ਹੱਡਾਂ 'ਚ ਰਚਿਆ ਹੈ। ਸਵੈਮਾਨ ਅਤੇ ਅਣਖ ਦੀ ਰਾਖੀ ਲਈ ਸੂਲਾਂ ਦੀ ਸੇਜ ਇਸ ਲਈ ਸ਼ੋਭਦਾ ਸ਼ਿੰਗਾਰ ਹੈ। ਜਨ-ਹਿੱਤਕਾਰੀ ਹੋਣ ਸਦਕਾ, ਇਹ ਨਿੱਜੀ ਹਿੱਤਾਂ ਤੋਂ ਉਚੇਰੀ ਏ।

ਸ਼ਹਾਦਤ, ਨਾ ਇਹ ਕਾਇਰ ਏ ਅਤੇ ਨਾ ਇਹ ਬੁਜ਼ਦਿਲ ਏ। ਇਹ ਤਾਂ ਵੈਰੀ ਦੇ ਦਲਾਂ 'ਚ ਭੜਥੂ ਪਾਉਣਾ ਜਾਣਦੀ ਏ। ਬੜ੍ਹਕਾ ਮਾਰਨੀਆਂ ਜਾਣਦੀ ਏ, ਫਟ ਲਾਉਣੇ ਜਾਣਦੀ ਏ, ਫਟ ਸਹਿਣੇ ਜਾਣਦੀ ਏ, ਆਢੂ ਲਾਹੁਣੇ ਜਾਣਦੀ ਏ ਤੇ ਖ਼ੂਨ ਦੀ ਹੋਲੀ ਖੇਡਦਿਆਂ ਮਾਰਨਾ ਜਾਂ ਆਪ ਮਰ ਮਿੱਟਣਾ ਵੀ ਜਾਣਦੀ ਏ।

ਬਹੁਤੀ ਵਾਰੀ ਦੇਸ਼ ਭਗਤੀ ਦੀ ਮੈਅ ਦੇ ਜਾਮ ਪੀਣ ਲਈ ਦੀਵਾਨੇ, ਮਸਤਾਨੇ, ਪਰਵਾਨੇ ਅਤੇ ਮਰਜੀਵੜੇ, ਦਾਰ ਤੇ ਚੜ੍ਹਨ ਲਈ ਕਿੰਨੇ ਉਤਾਵਲੇ ਹੁੰਦੇ ਹਨ। ਸੱਚ ਜਾਣੋ, ਸ਼ਹਾਦਤ ਇਕ ਪਾਕ-ਪਵਿੱਤਰ ਅਤੇ ਸੱਚੀ-ਸੁੱਚੀ ਧਾਰਨਾ ਦੀ ਦਾਅਵੇਦਾਰ ਹੈ। ਇਹ ਪ੍ਰਤੀਕ ਏ ਉੱਮਡਦੇ ਹੋਏ ਅਮੁੱਕ ਅਤੇ ਅਰੁੱਕ ਤੂਫ਼ਾਨੀ ਵਲਵਲੇ ਦੀ। ਬਹੁਤੀ ਵਾਰੀ ਅਜਿਹੇ ਵਲਵਲਿਆਂ ਦੇ ਵਹਾਉ ਨੂੰ ਠੱਲ੍ਹਣਾ ਅਸੰਭਵ। ਸ਼ਹਾਦਤ ਦਾ ਜਜ਼ਬਾ 'ਗਲੀ ਯਾਰ ਦੀ ਪਹੁੰਚਣਾ' ਵੀ ਜਾਣਦਾ ਹੈ ਅਤੇ ਮੌਤ ਲਾੜੀ ਨੂੰ ਵਰ੍ਹਨਾ ਵੀ ਜਾਣਦਾ ਹੈ।

ਸ਼ਹਾਦਤ ਦਾ ਜਜ਼ਬਾ ਭਾਈ ਮਨੀ ਸਿੰਘ ਦੀ ਤਰ੍ਹਾਂ ਬੰਦ-ਬੰਦ ਕਟਵਾ ਸਕਦਾ ਹੈ, ਭਾਈ ਤਾਰੂ ਸਿੰਘ ਦੀ ਤਰ੍ਹਾਂ ਖੋਪਰੀ ਲੁਹਾ ਸਕਦਾ ਹੈ, ਭਾਈ ਮਤੀ ਦਾਸ ਦੀ ਤਰ੍ਹਾਂ ਆਰੇ ਲਾਲ ਤਨ ਚਰਵਾ ਸਕਦਾ ਹੈ, ਗੁਰੂ ਅਰਜਨ ਦੇਵ ਜੀ ਦੀ ਤਰ੍ਹਾਂ ਕੋਮਲ ਕਾਇਆ 'ਤੇ ਰੇਤ ਦੇ ਕੜਛੇ ਪਵਾ ਸਕਦਾ ਹੈ, ਭਾਈ ਦਿਆਲੇ ਦੀ ਤਰ੍ਹਾਂ ਦੇਗ਼ 'ਚ ਉਬਾਲੇ ਖਾਂ ਸਕਦਾ ਹੈ ਅਤੇ ਗੁਰੂ ਗੋਬਿੰਦ ਸਿੰਘ ਦੀ ਤਰ੍ਹਾਂ ਆਪਣਾ ਸਰਬੰਸ ਕੁਰਬਾਨ ਸਕਦਾ ਹੈ।

ਸੁਣੋ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਰੂਹ 'ਚ ਨਿਕਲੇ ਅਮਰ ਬੋਲ

ਹਮੇਂ ਭੀ ਯਾਦ ਰੱਖੇਂ ਜਬ ਲਿਖੇ ਤਾਰੀਖ਼ ਗੁਲਸ਼ਨ ਕੀ
ਕਿ ਹਮ ਭੀ ਲੁਟਾਇਆ ਥਾ ਚਮਨ ਮੇਂ ਆਸ਼ਿਆਂ ਆਪਣਾ। •

ਜ਼ੁਲਮ ਵਿਰੁੱਧ ਗੁਰੂ ਗੋਬਿੰਦ ਸਿੰਘ ਦੀ ਚਿੱਠੀ ਜ਼ਫ਼ਰਨਾਮਾ

• ਗਿਆਨ ਸਿੰਘ
ਮੋਬਾਈਲ 9815784100

ਗੁਰੂ ਗੋਬਿੰਦ ਸਿੰਘ ਜੀ ਪਰਿਵਾਰ ਸਮੇਤ ਸ੍ਰੀ ਅਨੰਦਪੁਰ ਨੂੰ ਛੱਡਕੇ ਰਸਤੇ ਵਿਚ ਲੜਾਈਆਂ ਲੜਦੇ ਅਤੇ ਸੰਗਤਾਂ ਦਾ ਪਾਰਉਤਾਰਾ ਕਰਦੇ ਹੋਏ ਤਖਤੂਪੁਰਾ ਪੁੱਜੇ। ਗੁਰੂ ਸਾਹਿਬ ਦੇ ਅਨਿਨ ਸਿੱਖ ਭਾਈ ਦੇਸੂ ਤਰਖਾਣ ਪਿੰਡ ਦੀਨਾ ਨਿਵਾਸੀ ਆਪਣੇ ਰੱਥ 'ਤੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਗੁਰੂ ਸਾਹਿਬ ਦੇ ਦਰਸ਼ਨਾਂ ਲਈ ਜਾਇਆ ਕਰਦੇ ਸਨ। ਗੁਰੂ ਸਾਹਿਬ ਨੇ ਆਪਣੇ ਸਿੱਖ ਭਾਈ ਦਿਆ ਸਿੰਘ ਨੂੰ ਤਖਤੂਪੁਰਾ ਤੋਂ ਪਿੰਡ ਦੀਨਾ ਵਿਖੇ ਭਾਈ ਦੇਸੂ ਕੋਲ ਰੱਥ ਲੈਣ ਲਈ ਭੇਜ ਦਿੱਤਾ। ਮਾਛੀਵਾੜੇ ਦੇ ਜੰਗਲਾਂ ਵਿਚ ਗੁਰੂ ਜੀ ਦੇ ਪੈਰ ਵਿਚ ਕੰਡਾ ਲੱਗਣ ਕਰਕੇ ਪੈਰ ਪੱਕ ਗਿਆ ਸੀ ਜਿਸ ਕਰਕੇ ਤੁਰਨਾ ਮੁਸ਼ਕਿਲ ਸੀ। ਗੁਰੂ ਜੀ ਦਾ ਸੰਦੇਸ਼ ਮਿਲਦਿਆਂ ਭਾਈ ਦੇਸੂ ਅਤੇ ਉਸਦਾ ਭਾਈ ਹਰਦਿੱਤਾ ਆਪਣਾ ਰੱਥ ਲੈ ਕੇ ਗੁਰੂ ਜੀ ਨੂੰ ਲੈਣ ਲਈ ਤਖਤੂਪੁਰਾ ਪੁੱਜ ਗਏ। ਗੁਰੂ ਸਾਹਿਬ ਪਹਿਲਾਂ ਪਿੰਡ ਮਧੇਕੇ ਵਿਖੇ ਆਪਣੇ ਪੈਰ ਦਾ ਇਲਾਜ ਕਰਵਾਉਣ ਲਈ ਹਕੀਮ ਪਾਸ ਗਏ ਜਿੱਥੇ ਗੁਰਦੁਆਰਾ 'ਪਾਕਾ ਸਾਹਿਬ' ਸੁਸ਼ੋਭਿਤ ਹੈ, ਉਸ ਤੋਂ ਪਿਛੋਂ ਪਿੰਡ ਦੀਨਾ ਸਾਹਿਬ ਪੁੱਜੇ। ਇਹ ਗੱਲ 1705 ਦੀ ਹੈ, ਪਿੰਡ ਦੀਨਾ (ਕਾਂਗੜ) ਵਿਖੇ ਪਹੁੰਚਣ ਤਕ ਗੁਰੂ ਸਾਹਿਬ ਧਰਮ ਬਚਾਉਣ ਖ਼ਾਤਰ ਜ਼ੁਲਮ ਦੇ ਖ਼ਿਲਾਫ਼ ਆਪਣਾ ਸਾਰਾ ਪਰਿਵਾਰ ਅਤੇ ਚੋਣਵੇਂ ਸਿੱਖਾਂ ਦੀਆਂ ਕੁਰਬਾਨੀਆਂ ਦੇ ਚੁੱਕੇ ਸਨ। ਪਿੰਡ ਦੀਨਾ ਵਿਖੇ ਰਾਏ ਜੋਧ, ਜਿਸ ਨੇ ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਜੰਗ ਵਿਚ ਸਹਾਇਤਾ ਕੀਤੀ ਸੀ, ਦੇ ਪੋਤਰੇ ਸ਼ਮੀਰ, ਲੱਖਮੀਰ ਅਤੇ ਤਖ਼ਤਮਲ ਨੇ ਗੁਰੂ ਜੀ ਦਾ ਬਹੁਤ ਆਦਰ ਸਤਿਕਾਰ ਕੀਤਾ। ਗੁਰੂ ਗੋਬਿੰਦ ਸਿੰਘ ਜੀ ਗੁਰੂ ਘਰ ਦੇ ਅਨਿਨ ਸਿੱਖ ਭਾਈ ਦੇਸੂ ਤਰਖਾਣ ਦੇ ਘਰ ਚੁਬਾਰੇ ਵਿਚ ਠਹਿਰ ਗਏ। ਇਥੇ ਵਜ਼ੀਰ ਖ਼ਾਂ ਸੂਬਾ ਸਰਹਿੰਦ ਵਲੋਂ ਸ਼ਮੀਰ, ਲੱਖਮੀਰ ਅਤੇ ਤਖ਼ਤਮਲ ਨੂੰ ਹੁਕਮਨਾਮਾ ਭੇਜਿਆ ਗਿਆ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਬੰਨ੍ਹਕੇ ਸਰਹਿੰਦ ਪਹੁੰਚਾਇਆ ਜਾਵੇ ਨਹੀਂ ਤਾਂ ਫ਼ੌਜ ਦੀ ਚੜ੍ਹਾਈ ਕਰਕੇ ਗੁਰੂ ਸਮੇਤ ਤੁਹਾਡੇ ਪਿੰਡ ਦਾ ਖਾਤਮਾ ਕਰ ਦਿੱਤਾ ਜਾਵੇਗਾ। ਗੁਰੂ ਸਾਹਿਬ ਦੇ ਅਨਿਨ ਸਿੱਖਾਂ ਨੂੰ ਹੁਕਮਨਾਮਾ ਪੜ੍ਹਕੇ ਸੀਨੇ ਵਿਚ ਅੱਗ ਭੜਕ ਉਠੀ। ਉਨ੍ਹਾਂ ਵਜ਼ੀਰ ਖ਼ਾਂ ਸੂਬਾ ਸਰਹਿੰਦ ਨੂੰ ਹੁਕਮਨਾਮੇ ਦਾ ਜਵਾਬ ਭੇਜਿਆ ਕਿ, "ਜਿਸ ਤਰ੍ਹਾਂ ਤੁਸੀਂ ਆਪਣੇ ਪੀਰਾਂ/ਪੈਗੰਬਰਾਂ ਦਾ ਸਤਿਕਾਰ ਕਰਦੇ ਹੋ ਇਵੇਂ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਾਡੇ ਗੁਰੂ (ਪੀਰ) ਹਨ ਅਤੇ ਅਸੀਂ ਆਪਣੇ ਗੁਰੂ ਦੀ ਸੇਵਾ ਕਰਨਾ ਆਪਣਾ ਫ਼ਰਜ਼ ਸਮਝਦੇ ਹਾਂ"। ਗੁਰੂ ਸਾਹਿਬ ਨੇ ਇਥੋਂ ਜਾਣ ਦਾ ਮਨ ਬਣਾ ਲਿਆ ਸੀ ਪਰ ਉਨ੍ਹਾਂ ਨੂੰ ਜਾਣ ਨਹੀਂ ਦਿੱਤਾ ਗਿਆ। ਗੁਰੂ ਸਾਹਿਬ ਪਿੰਡ ਦੀਨਾ ਵਿਖੇ ਤਿੰਨ ਮਹੀਨੇ ਤੇਰਾਂ ਦਿਨ ਠਹਿਰੇ। ਜਦੋਂ ਸਿੱਖਾਂ ਨੂੰ ਗੁਰੂ ਜੀ ਬਾਰੇ ਪਤਾ ਲੱਗਾ ਕਿ ਉਹ ਪਿੰਡ ਦੀਨਾ ਵਿਖੇ ਹਨ ਤਾਂ ਸਿੰਘਾਂ ਨੇ ਵਹੀਰਾਂ ਘੱਤ ਲਈਆਂ। ਗੁਰੂ ਸਾਹਿਬ ਨੇ ਮੁੜ ਤੋਂ ਆਪਣੀ ਫ਼ੌਜ ਨੂੰ ਸੰਗਠਤ ਕਰਨ ਲਈ ਸੰਗਤਾਂ ਨੂੰ ਹੁਕਮਨਾਮੇ ਭੇਜ ਦਿੱਤੇ।

ਸਰਬੰਸ ਵਾਰ ਕੇ ਗੁਰੂ ਜੀ ਨੇ ਅਕਾਲ ਪੁਰਖ ਦਾ ਸ਼ੁਕਰਾਨਾ ਕਰਦਿਆਂ ਬਾਦਸ਼ਾਹ ਔਰੰਗਜ਼ੇਬ ਵਲੋਂ ਕੀਤੇ ਜ਼ੁਲਮਾਂ, ਵਧੀਕੀਆਂ ਵਿਰੁੱਧ ਜ਼ਫ਼ਰਨਾਮਾ (ਜਿੱਤ ਦਾ ਚਿੱਠਾ) ਲਿਖ ਕੇ ਆਪਣੇ ਸਿੱਖ ਭਾਈ ਦਿਆ ਸਿੰਘ ਅਤੇ ਭਾਈ ਧਰਮ ਸਿੰਘ ਰਾਹੀ 5 ਜਨਵਰੀ 1706 ਨੂੰ ਬਾਦਸ਼ਾਹ ਔਰੰਗਜ਼ੇਬ ਨੂੰ ਭੇਜ ਦਿੱਤਾ। ਗੁਰੂ ਸਾਹਿਬ ਨੇ ਜ਼ਫ਼ਰਨਾਮੇ ਵਿਚ ਲਿਖ ਕੇ ਭੇਜਿਆ ਕਿ, " ਔਰੰਗਜ਼ੇਬ ਤੂੰ ਬਾਦਸ਼ਾਹ ਹੈਂ ਅਤੇ ਤੂੰ ਕੁਰਾਨ ਸ਼ਰੀਫ ਦੀਆਂ ਝੂਠੀਆਂ ਕਸਮਾਂ ਖਾਧੀਆਂ। ਮੇਰੇ ਸਿੰਘਾਂ ਅਤੇ ਮੇਰੇ ਪਰਿਵਾਰ ਦੀਆਂ ਕੁਰਬਾਨੀਆਂ ਲੈ ਕੇ ਆਪਣੇ ਆਪ ਨੂੰ ਬਹੁਤ ਵੱਡਾ ਸਮਝਦਾ ਹੋਵੇਗਾ? ਪਰ ਸੁਣ,

"ਨ ਦਾਨਮ ਕਿ ਈ ਮਰਦ ਪੈਮਾ ਸਿਕਨ। ਕਿ ਦੌਲਤ ਪਰੇਸਤ ਅਸਤੋਂ ਈਮਾਂ ਫ਼ਿਸਨ।।"

(ਮੈਂ ਨਹੀਂ ਜਾਣਦਾ ਕਿ ਇਹ ਆਦਮੀ ਬਚਨ ਦੇ ਤੋੜਨ ਵਾਲਾ, ਟਕੇ ਦਾ ਮੁਰੀਦ ਅਤੇ ਧਰਮ ਦੇ ਸੁੱਟਣ ਵਾਲਾ ਹੈ)

"ਨ ਈਮਾਂ ਪ੍ਰਸਤੀ ਨ ਔਜਾਇ ਦੀਨ। ਨ ਸਾਹਿਬ ਸਨਾਸੀ ਨਾ ਮੁਹੰਮਦ ਯਕੀਨ।।"

(ਨਾ ਤੂੰ ਧਰਮ ਦੀ ਪਾਲਣਾ ਕਰਨ ਵਾਲਾ ਹੈਂ, ਨਾ ਦੀਨਦਾਰ ਹੈਂ, ਨਾ ਮਾਲਕ ਨੂੰ ਪਛਾਣਦਾ ਹੈਂ ਅਤੇ ਨਾ ਹੀ ਮੁਹੰਮਦ (ਸਾਹਿਬ) ਉੱਤੇ ਤੇਰਾ ਭਰੋਸਾ ਹੈ)

ਗੁਰੂ ਸਾਹਿਬ ਨੇ ਅੱਗੇ ਲਿਖਿਆ ਕਿ, "ਹੰਮੂ ਮਰਦ ਬਾਯਦ ਸਵਦ ਸੁਖਨਵਰ। ਨਾ ਸਿਕਮ ਦਿਗਰ ਦਰ ਦਹਾਨੇ ਦਿਗਰ।।"

(ਆਦਮੀ ਅਜੇਹਾ ਹੋਣਾ ਚਾਹੀਦਾ ਹੈ ਜੋ ਬਚਨ ਦਾ ਪੱਕਾ ਹੋਵੇ, ਐਸਾ ਨਹੀਂ ਦਿਲ ਵਿਖੇ ਹੋਰ ਤੇ ਮੂੰਹ ਵਿਖੇ ਹੋਰ)

ਗੁਰੂ ਸਾਹਿਬ ਨੇ ਬਾਦਸ਼ਾਹ ਔਰੰਗਜ਼ੇਬ ਨੂੰ ਲਿਖਿਆ ਕਿ ਤੈਨੂੰ ਡਰਨ ਦੀ ਲੋੜ ਨਹੀਂ, ਜੇ ਤੂੰ ਅਕਾਲਪੁਰਖ 'ਤੇ ਭਰੋਸਾ ਕਰਦਾ ਹੈ ਤਾਂ ਮੈਨੂੰ ਇਥੇ (ਦੀਨੇ/ਕਾਂਗੜ) ਆ ਕੇ ਮਿਲ, ਤੈਨੂੰ ਕਿਸੇ ਤਰ੍ਹਾਂ ਦਾ ਡਰ ਨਹੀਂ ਹੋਣਾ ਚਾਹੀਦਾ, ਜੇ ਤੂੰ ਇਥੇ ਆ ਜਾਵੇ ਤਾਂ ਤੇਰੇ ਨਾਲ ਖੁੱਲ੍ਹਕੇ ਵਿਚਾਰ ਵਟਾਂਦਰਾ ਹੋ ਜਾਵੇ :-

"ਕਿ ਤਸਰੀਫ ਦਰ ਕਸਬਹ ਕਾਂਗੜ ਕੁਨਦ। ਵਜਾਂ ਪਸ ਮੁਲਾਕਾਤ ਬਾਹਮ ਸਵਦ।।"

ਗੁਰੂ ਸਾਹਿਬ ਨੇ ਇਹ ਵੀ ਬਾਦਸ਼ਾਹ ਔਰੰਗਜ਼ੇਬ ਨੂੰ ਲਿਖ ਦਿੱਤਾ ਕੀ ਹੋਇਆ ਜੇ ਤੂੰ ਚਾਰ ਬੱਚਿਆਂ ਨੂੰ ਮਾਰ ਦਿੱਤਾ ਹੈ, ਅਜੇ ਜ਼ਹਿਰੀ ਸੱਪ ਬਾਕੀ ਰਹਿ ਗਿਆ ਹੈ :-

ਗੁਰੂ ਸਾਹਿਬ ਨੇ ਨਾਲ ਹੀ ਇਹ ਤਾਹਨਾ ਮਾਰਿਆ ਕਿ ਸੱਚ ਦੀ ਪਛਾਣ ਕਰ, ਕਿੱਥੇ ਨੇ ਬਾਦਸ਼ਾਹ ਤੇ ਪੀਰ/ਪੈਗੰਬਰ ਜੋ ਤੈਥੋਂ ਪਹਿਲਾਂ ਆਏ। ਤੇਰੇ ਹੱਥ ਕੁੱਝ ਨਹੀਂ, ਜਿਸ ਦਾ ਅਕਾਲ ਪੁਰਖ ਸਹਾਈ ਹੋਵੇ ਉਸ ਨੂੰ ਤੇਰੇ ਜੇਹੇ ਬਾਦਸ਼ਾਹ ਕੀ ਕਰ ਸਕਦੇ ਹਨ :-

"ਚੂ ਹਕ ਯਾਰ ਬਾਸਦ ਚਿ ਦੁਸਮਨ ਕੁਨਦ। ਅਗਰ ਦੁਸਮਣੀ ਰਾ ਬਸਦ ਤਨ ਕੁਨਦ।।"

"ਖ਼ਸਮ ਦੁਸਮਨੀ ਗਰ ਹਜਾਰ ਆਵਰਦ। ਨਾ ਯਕ ਮੂਇ ਓਰਾ ਅਜ਼ਾਰ ਆਵੂਰਦ।।"

ਭਾਈ ਦਿਆ ਸਿੰਘ ਨੇ ਜ਼ਫ਼ਰਨਾਮਾ ਬਾਦਸ਼ਾਹ ਔਰੰਗਜ਼ੇਬ ਨੂੰ ਦੱਖਣ ਵਿਚ ਕਲੌਤ ਵਿਖੇ ਪਹੁੰਚਾ ਦਿੱਤਾ। ਬਾਦਸ਼ਾਹ ਨੇ ਜ਼ਫ਼ਰਨਾਮਾ ਪੜ੍ਹਿਆ ਤਾਂ ਬਹੁਤ ਪ੍ਰਭਾਵਿਤ ਹੋਇਆ। ਬਾਦਸ਼ਾਹ ਔਰੰਗਜ਼ੇਬ ਨੇ ਗੁਰੂ ਜੀ ਨੂੰ ਮਿਲਣ ਦੀ ਇੱਛਿਆ ਪ੍ਰਗਟ ਕੀਤੀ ਅਤੇ ਲਾਹੌਰ ਦਰਬਾਰ ਦੇ ਵਿਸ਼ੇਸ਼ ਰਾਜਦੂਤ ਨਾਇਬ ਸੂਬੇਦਾਰ ਸ੍ਰੀ ਮੁਨੀਮ ਖ਼ਾਨ ਨੂੰ ਸ਼ਾਹੀ ਹੁਕਮ ਦਿੱਤਾ ਕਿ ਉਹ ਗੁਰੂ ਜੀ ਨੂੰ ਲੈ ਕੇ ਉਨ੍ਹਾਂ ਕੋਲ ਪਹੁੰਚਣ ਅਤੇ ਉਨ੍ਹਾਂ ਨੂੰ ਪਹੁੰਚਾਉਣ ਲਈ ਪੂਰੇ ਸੁਰੱਖਿਆ ਪ੍ਰਬੰਧ ਕਰਨ।

ਗੁਰੂ ਗੋਬਿੰਦ ਸਿੰਘ ਜੀ ਜ਼ਫ਼ਰਨਾਮਾ ਭੇਜਣ ਉਪਰੰਤ ਅੱਗੇ ਚੱਲ ਪਏ ਅਤੇ ਮੁਕਤਸਰ ਵਿਖੇ ਮੁਗ਼ਲਾਂ ਨਾਲ ਆਖਰੀ ਲੜਾਈ ਲੜੀ ਤੇ ਦਮਦਮਾ ਸਾਹਿਬ (ਸਾਬੋ ਕੀ ਤਲਵੰਡੀ) ਚਲੇ ਗਏ, ਜਿੱਥੇ ਗੁਰੂ ਸਾਹਿਬ ਨੂੰ ਬਾਦਸ਼ਾਹ ਔਰੰਗਜ਼ੇਬ ਦਾ ਸੰਦੇਸ਼ ਪ੍ਰਾਪਤ ਹੋਇਆ ਤਾਂ ਉਹ ਦੱਖਣ ਵੱਲ ਬਾਦਸ਼ਾਹ ਔਰੰਗਜ਼ੇਬ ਨੂੰ ਮਿਲਣ ਲਈ ਚੱਲ ਪਏ। ਗੁਰੂ ਜੀ ਜਦੋਂ ਭਗੌਰ ਵਿਖੇ ਪਹੁੰਚੇ ਤਾਂ ਉਨ੍ਹਾਂ ਨੂੰ ਪਤਾ ਲੱਗਾ ਕਿ ਰਾਜਧਾਨੀ ਵਿਚ ਬਾਦਸ਼ਾਹ ਔਰੰਗਜ਼ੇਬ ਚੱਲ ਵਸੇ ਸਨ।

ਸੱਚਮੁੱਚ ਗੁਰੂ ਸਾਹਿਬ ਵਲੋਂ ਬਾਦਸ਼ਾਹ ਔਰੰਗਜ਼ੇਬ ਦੀਆਂ ਕਮਜ਼ੋਰੀਆਂ ਖੋਲ੍ਹਕੇ ਲਿਖਣ ਵਾਲੀ ਚਿੱਠੀ "ਜ਼ਫ਼ਰਨਾਮਾ" ਬਾਦਸ਼ਾਹ ਲਈ ਮਾਰੂ ਸਾਬਤ ਹੋਈ।

ਮੁਸਲਮਾਨ ਸੂਫ਼ੀ ਸੰਤ ਗੁਲਾਮ ਹੈਦਰ ਕਾਦਰੀ (9417123883) ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਰਚਿਤ ਬਾਣੀ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ। ਉਨ੍ਹਾਂ ਇਹ ਜਾਣਕਾਰੀ ਦਿੱਤੀ ਕਿ ਪਿਛਲੇ ਦਿਨੀ ਇਰਾਨ ਤੋਂ ਇਕ ਵਫਦ (ਜਮਾਤ) ਮਲੇਰਕੋਟਲਾ ਵਿਖੇ ਆਇਆ ਸੀ, ਉਨ੍ਹਾਂ ਨੇ ਉਨ੍ਹਾਂ ਦੇ ਭਰਾ ਡਾਕਟਰ ਨਸ਼ੀਰ ਅਖ਼ਤਰ ਨਾਲ ਵਿਸ਼ੇਸ਼ ਮੁਲਾਕਾਤ ਦੌਰਾਨ ਦੱਸਿਆ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਫਾਰਸੀ/ਪਰਸੀਅਨ ਭਾਸ਼ਾ ਵਿਚ ਰਚਿਤ ਅਕਾਲ ਉਸਤਿਤ ਨਾਲ ਆਰੰਭ ਜ਼ਫ਼ਰਨਾਮੇ ਦਾ ਮੁਸਲਮਾਨਾਂ ਵਲੋਂ ਬਹੁਤ ਸਤਿਕਾਰ ਕੀਤਾ ਜਾਂਦਾ ਹੈ। ਇਰਾਨ ਯੂਨੀਵਰਸਟੀ ਨੇ ਇਸ ਜ਼ਫ਼ਰਨਾਮੇ ਨੂੰ ਮਾਨਤਾ ਦੇ ਕੇ ਵਿਦਿਆਰਥੀਆਂ ਦੇ ਪਾਠ ਕਰਮ ਵਿਚ ਸ਼ਾਮਿਲ ਕੀਤਾ ਹੋਇਆ ਹੈ। ਉਨ੍ਹਾਂ ਦੱਸਿਆ ਕਿ ਜ਼ਫ਼ਰਨਾਮੇ ਦੀ ਗੁਰਮੁੱਖੀ ਵਿਚ ਲਿਖਤ ਉਨ੍ਹਾਂ ਨੂੰ ਮਿਲੀ ਸੀ ਜਿਸ ਨੂੰ ਉਨ੍ਹਾਂ ਖ਼ੁਦ ਦੁਬਾਰਾ ਫਾਰਸੀ/ਉਰਦੂ ਵਿਚ ਕੱਪੜੇ ਉੱਪਰ ਲਿਖਿਆ ਹੈ। ਉਨ੍ਹਾਂ ਦੱਸਿਆ ਕਿ ਜ਼ਫ਼ਰਨਾਮਾ ਹੁਣ ਉਰਦੂ, ਪੰਜਾਬੀ ਅਤੇ ਹਿੰਦੀ ਵਿਚ ਮੌਜੂਦ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਜ਼ਫ਼ਰਨਾਮਾ ਦਸਮ ਗ੍ਰੰਥ 'ਚ ਨੌਵੀਂ ਥਾਂ 'ਤੇ ਅੰਕਿਤ ਹੈ।

ਭਾਈ ਦੇਸੂ ਦੀ ਛੇਵੀਂ ਅਤੇ ਸੱਤਵੀਂ ਪੀੜ੍ਹੀ ਗੁਰੂ ਸਾਹਿਬ ਦੀ ਛੋਹ ਪ੍ਰਾਪਤ ਵਸਤਾਂ ਦੀ ਸੇਵਾ ਸੰਭਾਲ ਕਰ ਰਹੀ ਹੈ। ਛੇਵੀਂ ਪੀੜ੍ਹੀ ਵਿੱਚੋਂ ਭਾਈ ਚਮਕੌਰ ਸਿੰਘ, ਭਾਈ ਮੁਕੰਦ ਸਿੰਘ ਅਤੇ ਭਾਈ ਸੁੰਦਰ ਸਿੰਘ ਹਨ। ਭਾਈ ਮੁਕੰਦ ਸਿੰਘ (9417618857) ਨੇ ਜਾਣਕਾਰੀ ਦਿੱਤੀ ਕਿ ਉਨ੍ਹਾਂ ਦੇ ਪਰਿਵਾਰ ਕੋਲ ਰੱਥ ਦਾ ਉਹ ਪੀੜ੍ਹਾ/ਮੰਜੀ ਸਾਹ

ਚੋਣ ਪ੍ਰਚਾਰ ਦੌਰਾਨ, ਰਾਜਨੀਤਕ ਪਾਰਟੀਆਂ ਤੇ ਉਮੀਦਵਾਰਾਂ ਦੀ ਆਲੋਚਨਾ ਸਿਰਫ਼ ਉਨ੍ਹਾਂ ਦੀ ਨੀਤੀਆਂ, ਪ੍ਰੋਗ੍ਰਾਮਾਂ, ਕੰਮਾਂ ਤਕ ਹੀ ਹੋਣੀ ਚਾਹੀਦੀ ਸੀਮਤ : ਪੰਕਜ ਅਗਰਵਾਲ

ਚੰਡੀਗੜ੍ਹ, 22 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਭਾਰਤ ਚੋਣ ਕਮਿਸ਼ਨ ਵੱਲੋਂ ਹਰਿਆਣਾ ਵਿਧਾਨਸਭਾ ਆਮ ਚੋਣ-2024 ਲਈ ਉਮੀਦਾਵਰਾਂ ਤੇ ਰਾਜਨੀਤਕ ਪਾਰਟੀਆਂ ਲਈ ਚੋਣ ਪ੍ਰਚਾਰ ਦੌਰਾਨ ਕੀ ਕਰਨਾ ਹੈ ਤੇ ਕੀ ਨਹੀਂ (ਡੂਜ ਐਂਡ ਡੋਂਨਸ) ਦੇ ਵਿਸਤਾਰ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਹਨ। ਇੰਨ੍ਹਾਂ ਦਿਸ਼ਾ-ਨਿਰਦੇਸ਼ਾਂ ਦਾ ਚੋਣ ਦੀ ਪ੍ਰਕ੍ਰਿਆ ਪੂਰੀ ਹੋਣ ਤਕ ਪਾਲਣ ਕੀਤਾ ਜਾਣਾ ਜਰੂਰੀ ਹੈ।

ਹਰਿਆਣਾ ਦੇ ਮੁੱਖ ਚੋਣ ਅਧਿਕਾਰੀ ਸ੍ਰੀ ਪੰਕਜ ਅਗਰਵਾਲ ਨੇ ਦਸਿਆ ਕਿ ਸਾਰੀ ਪਾਰਟੀਆਂ ਅਤੇ ਚੋਣ ਲੜ੍ਹ ਰਹੇ ਉਮੀਦਵਾਰਾਂ ਨੂੰ ਪਬਲਿਕ ਸਥਾਨਾਂ ਜਿਵੇਂ ਮੈਦਾਨ ਅਤੇ ਹੈਲੀਪੈਡ ਨਿਰਪੱਖ ਰੂਪ ਨਾਲ ਉਪਲਬਧ ਹੋਣਾ ਚਾਹੀਦਾ ਹੈ। ਚੋਣ ਦੌਰਾਨ ਰਾਜਨੀਤਕ ਪਾਰਟੀਆਂ ਤੇ ਉਮੀਦਵਾਰਾਂ ਦੀ ਆਲੋਚਨਾ ਸਿਰਫ ਉਨ੍ਹਾਂ ਦੀ ਨੀਤੀਆਂ, ਪ੍ਰੋਗ੍ਰਾਮਾਂ, ਪਿਛਲੇ ਰਿਕਾਰਡ ਅਤੇ ਕੰਮਾਂ ਤਕ ਹੀ ਸੀਮਤ ਰਹਿਣੀ ਚਾਹੀਦੀ ਹੈ। ਕਿਸੇ ਵੀ ਮੀਟਿੰਗ ਬਾਰੇ ਸਥਾਨਕ ਪੁਲਿਸ ਅਧਿਕਾਰੀਆਂ ਨੂੰ ਸੂਚਿਤ ਕੀਤਾ ਜਾਣਾ ਚਾਹੀਦਾ ਹੈ ਅਤੇ ਪ੍ਰਸਤਾਵਿਤ ਮੀਟਿੰਗ ਦੇ ਸਮੇਂ ਤੇ ਸਥਾਨ ਦੀ ਜਰੂਰੀ ਮੰਜੂਰੀ ਸਮੇਂ ਰਹਿੰਦੇ ਸਹੀ ਢੰਗ ਨਾਲ ਲਈ ਜਾਣੀ ਚਾਹੀਦੀ ਹੈ।

ਸ੍ਰੀ ਪੰਕਜ ਅਗਰਵਾਲ ਨੇ ਦਸਿਆ ਕਿ ਪ੍ਰਸਤਾਵਿਤ ਮੀਟਿੰਗ ਦੇ ਸਥਾਨ 'ਤੇ ਕੋਈ ਪਾਬੰਧੀਸ਼ੁਦਾ ਜਾਂ ਨਿਸ਼ੇਧਾਤਮਕ ਆਦੇਸ਼ ਲਾਗੂ ਹਨ ਤਾਂ ਉਨ੍ਹਾਂ ਆਦੇਸ਼ਾਂ ਦਾ ਸਨਮਾਨ ਕੀਤਾ ਜਾਣਾ ਚਾਹੀਦਾ ਹੈ। ਇਸੀ ਤਰ੍ਹਾ, ਪ੍ਰਸਤਾਵਿਤ ਮੀਟਿੰਗਾਂ ਲਈ ਲਾਊਡਸਪੀਕਰ ਜਾਂ ਅਜਿਹੇ ਕਿਸੇ ਹੋਰ ਸਹੂਲਤ ਦੀ ਵਰਤੋਂ ਲਈ ਮੰਜੂਰੀ ਪ੍ਰਾਪਤ ਕੀਤੀ ਜਾਣੀ ਚਾਹੀਦੀ ਹੈ ਅਤੇ ਮੀਟਿੰਗਾਂ ਵਿਚ ਗੜਬੜੀ ਪੈਦਾ ਕਰਨ ਵਾਲੇ ਵਿਅਕਤੀਆਂ ਨਾਂਲ ਨਜਿਠਣ ਵਿਚ ਪੁਲਿਸ ਸਹਾਇਤਾ ਪ੍ਰਾਪਤ ਕੀਤੀ ਜਾਣੀ ਚਾਹੀਦੀ ਹੈ।

ਉਨ੍ਹਾਂ ਨੇ ਦਸਿਆ ਕਿ ਕਿਸੇ ਵੀ ਜਲੂਸ ਨੂੰ ਸ਼ੁਰੂ ਕਰਨ ਅਤੇ ਖਤਮ ਕਰਨ ਦੇ ਸਮੇਂ ਤੇ ਸਥਾਨ ਅਤੇ ਮਾਰਗ ਨੂੰ ਅਗਰਿਮ ਰੂਪ ਨਾਲ ਫਾਈਨਲ ਕੀਤਾ ਜਾਣਾ ਚਾਹੀਦਾ ਹੈ ਅਤੇ ਪੁਲਿਸ ਅਧਿਕਾਰੀਆਂ ਤੋਂ ਪਹਿਲਾਂ ਮੰਜੂਰੀ ਪ੍ਰਾਪਤ ਕਰਨੀ ਚਾਹੀਦੀ ਹੈ। ਇਹ ਜਰੂਰ ਧਿਆਨ ਰੱਖਿਆ ਜਾਵੇ ਕਿ ਜਲੂਸ ਦਾ ਮਾਰਗ ਆਵਾਜਾਈ ਨੂੰ ਰੁਕਾਵਟ ਨਹੀਂ ਕਰਨੀ ਚਾਹੀਦੀ ਹੈ।

ਸ਼ਾਂਤੀਪੂਰਨ ਅਤੇ ਵਿਵਸਥਿਤ ਚੋਣ ਯਕੀਨੀ ਕਰਨ ਲਈ ਸਾਰੇ ਚੋਣ ਅਧਿਕਾਰੀਆਂ ਦਾ ਕਰਨ ਸਹਿਯੋਗ

ਮੁੱਖ ਚੋਣ ਅਧਿਕਾਰੀ ਨੇ ਦਸਿਆ ਕਿ ਸ਼ਾਂਤੀਪੂਰਨ ਅਤੇ ਵਿਵਸਥਿਤ ਢੰਗ ਨਾਲ ਚੋਣ ਯਕੀਨੀ ਕਰਨ ਲਈ ਰਾਜਨੀਤਕ ਪਾਰਟੀ ਅਤੇ ਚੋਣ ਲੜਨ ਵਾਲੇ ਉਮੀਦਵਾਰਾਂ ਵੱਲੋਂ ਸਾਰੇ ਚੋਣ ਅਧਿਕਾਰੀਆਂ ਨੂੰ ਸਹਿਯੋਗ ਕੀਤਾ ਜਾਣਾ ਚਾਹੀਦਾ ਹੈ। ਨਾਲ ਹੀ, ਚੋਣ ਵਿਚ ਲੱਗੇ ਸਾਰੇ ਰਾਜਨੀਤਕ ਕਾਰਜਕਰਤਾਵਾਂ ਨੂੰ ਬੈਜ ਜਾਂ ਪਹਿਚਾਣ ਪੱਤਰ ਦਿਖਾਉਣਾ ਹੋਵੇਗਾ। ਵੋਟਰਾਂ ਨੂੰ ਜਾਰੀ ਅਣਓਪਚਾਰਿਕ ਪਹਿਚਾਣ ਪਰਚੀ ਸਾਦੇ (ਚਿੱਟੇ) ਕਾਗਜ਼ 'ਤੇ ਹੋਣੀ ਚਾਹੀਦੀ ਹੈ, ਜਿਸ 'ਤੇ ਪਾਰਟੀ ਦਾ ਕੋਈ ਨਾਂਅ ਅਤੇ ਨਿਸ਼ਾਨ ਜਾਂ ਉਮੀਦਵਾਰ ਦਾ ਨਾਂਅ ਨਹੀਂ ਹੋਣਾ ਚਾਹੀਦਾ ਹੈ। ਇਸ ਤੋਂ ਇਲਾਵਾ, ਪ੍ਰਚਾਰ ਮੁਹਿੰਮ ਦੇ ਸਮੇਂ ਦੌਰਾਨ ਅਤੇ ਚੋਣ ਦੇ ਦਿਨ ਵਾਹਨਾਂ ਦੀ ਆਵਾਜਾਈ 'ਤੇ ਪਾਬੰਧੀ ਦਾ ਪੂਰੀ ਤਰ੍ਹਾ ਨਾਲ ਪਾਲਣ ਕੀਤਾ ਜਾਣਾ ਚਾਹੀਦਾ ਹੈ। ਚੋਣ ਦੇ ਸੰਚਾਲਨ ਦੇ ਸਬੰਧ ਵਿਚ ਕਿਸੇ ਵੀ ਤਰ੍ਹਾ ਦੀ ਸ਼ਿਕਾਇਤ ਜਾਂ ਸਮਸਿਆ ਨੂੰ ਚੋਣ ਕਮਿਸ਼ਨ ਦੇ ਓਬਜਰਵਰ , ਰਿਟਰਨਿੰਗ ਅਧਿਕਾਰੀ, ਜੋਨਲ/ਸੈਕਟਰ ਮੈਜੀਸਟ੍ਰੇਟ, ਮੁੱਖ ਚੋਣ ਅਧਿਕਾਰੀ ਜਾਂ ਭਾਰਤ ਚੋਣ ਕਮਿਸ਼ਨ ਦੀ ਜਾਣਕਾਰੀ ਵਿਚ ਲਿਆਉਣਾ ਚਾਹੀਦਾ ਹੈ।

ਸ੍ਰੀ ਪੰਕਜ ਅਗਰਵਾਲ ਨੇ ਦਸਿਆ ਕਿ ਚੋਣ ਦੇ ਵੱਖ-ਵੱਖ ਪਹਿਲੂਆਂ ਨਾਲ ਸਬੰਧਿਤ ਸਾਰੇ ਮਾਮਲਿਆਂ ਵਿਚ ਚੋਣ ਕਮਿਸ਼ਨ ਜਾਂ ਰਿਟਰਨਿੰਗ ਆਫਿਸਰ ਜਾਂ ਜਿਲ੍ਹਾ ਚੋਣ ਅਧਿਕਾਰੀ ਦੇ ਆਦੇਸ਼ ਜਾਂ ਦਿਸ਼ਾ-ਨਿਰਦੇਸ਼ਾਂ ਦਾ ਸਖਤੀ ਨਾਲ ਪਾਲਣ ਕੀਤਾ ਜਾਣਾ ਚਾਹੀਦਾ ਹੈ। ਚੋਣ ਪ੍ਰਚਾਰ ਸਮੇਂ ਦੇ ਖਤਮ ਹੋਣ ਦੇ ਬਾਅਦ , ਜੇਕਰ ਕੋਈ ਵਿਅਕਤੀ, ਵੋਟਰ ਜਾਂ ਚੋਣ ਲੜਨ ਵਾਲਾ ਉਮੀਦਵਾਰ ਜਾਂ ਉਮੀਦਵਾਰ ਦਾ ਚੋਣ ਏਜੰਟ ਨਹੀਂ ਹੈ ਤਾਂ ਉਸ ਵਿਅਕਤੀ ਨੂੰ ਸਬੰਧਿਤ ਚੋਣ ਖੇਤਰ ਨੂੰ ਛੱਡਣਾ ਹੋਵੇਗਾ।

ਵੋਟਰਾਂ ਦੀ ਜਾਤੀ ਜਾਂ ਸੰਪ੍ਰਾਇਕ ਭਾਵਨਾਵਾਂ ਦੇ ਆਧਾਰ 'ਤੇ ਨਹੀਂ ਕੀਤੀ ਜਾ ਸਕਦੀ ਕੋਈ ਅਪੀਲ

ਚੋਣਾਂ ਦੌਰਾਲ ਰਾਜਨੀਤਕ ਪਾਰਟੀਆਂ ਅਤੇ ਉਮੀਦਵਾਰਾਂ ਨੂੰ ਕੀ ਨਹੀਂ ਕਰਨਾ ਚਾਹੀਦਾ ਹੈ, ਇਸ ਦੀ ਜਾਣਕਾਰੀ ਦਿੰਦੇ ਹੋਏ ਸ੍ਰੀ ਪੰਕਜ ਅਗਰਵਾਲ ਨੇ ਦਸਿਆ ਕਿ ਕਿਸੇ ਵੀ ਅਧਿਕਾਰਕ ਕੰਮ ਨੂੰ ਚੋਣ ਪ੍ਰਚਾਰ ਜਾਂ ਚੁਣਾਵੀ ਗਤੀਵਿਧੀਆਂ ਦੇ ਨਾਲ ਨਹੀਂ ਜੋੜਿਆ ਜਾਣਾ ਚਾਹੀਦਾ ਹੈ ਅਤੇ ਵਿੱਤੀ ਜਾਂ ਹੋਰ ਕਿਸੇ ਤਰ੍ਹਾ ਦੇ ਕੋਈ ਲੋਭ-ਲਾਲਚ ਵੋਟਰਾਂ ਨੂੰ ਨਹੀਂ ਦਿੱਤਾ ਜਾਣਾ ਚਾਹੀਦਾ ਹੈ। ਵੋਟਰਾਂ ਦੀ ਜਾਤੀ ਜਾਂ ਸੰਪ੍ਰਦਾਇਕ ਭਾਵਨਾਵਾਂ ਦੇ ਆਧਾਰ 'ਤੇ ਕੋਈ ਅਪੀਲ ਨਹੀਂ ਕੀਤੀ ਜਾਣੀ ਚਾਹੀਦੀ ਹੈ। ਇਸ ਤੋਂ ਇਲਾਵਾ, ਅਜਿਹੀ ਕੋਈ ਗਤੀਵਿਧੀ , ਜੋ ਮੌਜੂਦਾ ਮੱਤਭੇਦਾਂ ਨੂੰ ਵਧਾ ਸਕਦੀ ਹੈ ਜਾਂ ਵੱਖ-ਵੱਖ ਜਾਤੀਆਂ, ਕੰਮਿਉਨਿਟੀਆਂ, ਧਾਰਮਿਕ ਅਤੇ ਭਾਸ਼ਾਈ ਸਮੂਹਾਂ ਦੇ ਵਿਚ ਆਪਸੀ ਲੜਾਈ ਪੈਦਾ ਕਰਦੀ ਹੋਵੇ ਜਾਂ ਤਨਾਅ ਪੈਦਾ ਕਰਦਾ ਹੋਵੇ, ਅਜਿਹੀ ਕੋਈ ਗਤੀਵਿਧੀ ਨਹੀਂ ਕੀਤੀ ਜਾਣੀ ਚਾਹੀਦੀ ਹੈ।

ਚੋਣ ਪ੍ਰਚਾਰ ਲਈ ਧਾਰਮਿਕ ਸਥਾਨਾਂ ਦਾ ਨਹੀਂ ਕੀਤੀ ਜਾ ਸਕਦੀ ਵਰਤੋਂ

ਸ੍ਰੀ ਪੰਕਜ ਅਗਰਵਾਲ ਨੇ ਦਸਿਆ ਕਿ ਮੰਦਿਰ, ਮਸਜਿਦ, ਚਰਚ, ਗੁਰੂਦੁਆਰਾ ਜਾਂ ਕਿਸੇ ਵੀ ਪੂਜਾ ਸਥਾਨ ਦੀ ਵਰਤੋਂ ਚੋਣ ਪ੍ਰਚਾਰ ਲਈ ਨਹੀਂ ਕੀਤੀ ਜਾਵੇਗੀ, ਜਿਸ ਵਿਚ ਚੋਣ ਸਬੰਧੀ ਭਾਸ਼ਨ, ਪੋਸਟਰ, ਸੰਗੀਤ ਆਦਿ ਸ਼ਾਮਿਲ ਹਨ। ਇਸ ਤੋਂ ਇਲਾਵਾ, ਹੋਰ ਰਾਜਨੀਤਕ ਪਾਰਟੀਆਂ ਜਾਂ ਉਮੀਦਵਾਰਾਂ ਵੱਲੋਂ ਪ੍ਰਬੰਧਿਤ ਪਬਲਿਕ ਮੀਟਿੰਗਾਂ ਜਾਂ ਜਲੂਸਾਂ ਵਿਚ ਰੁਕਾਵਟ ਨਹੀਂ ਪਾਉਣੀ ਚਾਹੀਦੀ। ਹੋਰ ਰਾਜਨੀਤਕ ਪਾਰਟੀਆਂ ਅਤੇ ਉਮੀਦਵਾਰਾਂ ਵੱਲੋਂ ਲਗਾਏ ਗਏ ਪੋਸਟਰਾਂ ਨੂੰ ਹਟਾਉਣਾ ਜਾਂ ਖਰਾਬ ਨਹੀਂ ਕੀਤਾ ਜਾਣਾ ਚਾਹੀਦਾ ਹੈ।ਮੁੱਖ ਚੋਣ ਅਧਿਕਾਰੀ ਨੇ ਦਸਿਆ ਕਿ ਵਾਹਨਾਂ 'ਤੇ ਰਾਤ 10 ਵਜੇ ਤੋਂ ਸਵੇਰੇ 6 ਵਜੇ ਤਕ ਲਾਊਡਸਪੀਕਰਾਂ ਦੀ ਵਰਤੋਂ ਨਹੀਂ ਚੋਣੀ ਚਾਹੀਦੀ।

50 ਦਿਨਾਂ ਤੋਂ ਪੱਕਾ ਧਰਨਾ ਜਾਰੀ, ਨਹੀਂ ਹੋ ਰਹੀ ਸੁਣਵਾਈ :- ਡੀ ਐਮ ਐੱਫ

ਪਟਿਆਲਾ, 22 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਬੀਡੀਪੀਓ ਦਫਤਰ ਨਾਭਾ ਵਿਖੇ ਡੈਮੋਕਰੇਟਿਕ ਮਨਰੇਗਾ ਫਰੰਟ ਵੱਲੋਂ ਪਿਛਲੇ 50 ਦਿਨਾਂ ਤੋਂ ਪੱਕਾ ਧਰਨਾ ਜਾਰੀ ਹੈ। ਪਰ ਬੀਡੀਪੀਓ ਨਾਭਾ ਕਾਨੂੰਨ ਤੇ ਅਮਲ ਕਰਨ ਤੋਂ ਇਨਕਾਰੀ ਹਨ। ਜਿਸ ਕਰਕੇ ਮਨਰੇਗਾ ਵਰਕਰਾਂ ਦੀ ਨਹੀਂ ਹੋ ਰਹੀ ਸੁਣਵਾਈ । ਅੱਜ ਇੱਕ ਹੰਗਾਮੀ ਮੀਟਿੰਗ ਪਟਿਆਲਾ ਵਿਖੇ ਜਿਲਾ ਪ੍ਰਧਾਨ ਕੁਲਵਿੰਦਰ ਕੌਰ ਰਾਮਗੜ੍ਹ ਦੀ ਅਗਵਾਈ ਵਿੱਚ ਹੋਈ ਜਿਸ ਵਿੱਚ ਫੈਸਲਾ ਕੀਤਾ ਗਿਆ ਕਿ ਸ਼ੁੱਕਰਵਾਰ ਨੂੰ ਡੀਸੀ ਦਫਤਰ ਪਟਿਆਲਾ ਵਿਖੇ ਬੀਡੀਪੀਓ ਨਾਭਾ ਅਤੇ ਏਡੀਸੀ ਪੰਚਾਇਤ ਵਿਭਾਗ ਤੇ ਮਨਰੇਗਾ ਕਾਨੂੰਨ ਦੀ ਧਾਰਾ 25 ਤਹਿਤ ਕਾਰਵਾਈ ਕਰਾਉਣ ਲਈ ਵਿਸ਼ਾਲ ਧਰਨਾ ਦਿੱਤਾ ਜਾਵੇਗਾ। ਮੀਟਿੰਗ ਨੂੰ ਸੰਬੋਧਨ ਕਰਦਿਆਂ ਸੂਬਾ ਪ੍ਰਧਾਨ ਰਾਜ ਕੁਮਾਰ ਸਿੰਘ ਕਨਸੂਹਾ ਨੇ ਕਿਹਾ ਕਿ ਮਨਰੇਗਾ ਕਾਨੂੰਨ ਅਨੁਸਾਰ ਹਰ ਸ਼ਿਕਾਇਤ ਦਾ ਨਿਪਟਾਰਾ ਸੱਤ ਦਿਨਾਂ ਦੇ ਵਿੱਚ ਕਰਨਾ ਜਰੂਰੀ ਹੈ ਪਰ ਇੱਥੇ ਤਾਂ ਪਿਛਲੇ 50 ਦਿਨਾਂ ਤੋਂ ਨਾਭਾ ਵਿਖੇ ਪੱਕਾ ਧਰਨਾ ਲੱਗਣ ਦੇ ਬਾਵਜੂਦ ਵੀ ਕਿਸੇ ਇੱਕ ਸ਼ਿਕਾਇਤ ਦਾ ਵੀ ਨਿਪਟਾਰਾ ਨਹੀਂ ਕੀਤਾ, ਬਲਕਿ ਕਾਨੂੰਨ ਦੀ ਉਲੰਘਣਾ ਕਰਨ ਵਾਲੇ ਅਧਿਕਾਰੀਆਂ ਨੂੰ ਹਰ ਹੀਲੇ ਬਚਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਹਨਾਂ ਕਿਹਾ ਕਿ ਲਗਪਗ ਛੇ ਮਹੀਨੇ ਪਹਿਲਾਂ ਏਡੀਸੀ ਪੰਚਾਇਤ ਵਿਭਾਗ ਨੂੰ ਨਾਭਾ ਬਲਾਕ ਦੀਆਂ 187 ਅਰਜ਼ੀਆਂ ਦਾ ਸੱਤ ਦਿਨਾਂ ਵਿਚ ਨਿਪਟਾਰਾ ਕਰਨ ਲਈ ਦਿੱਤਾ ਪਰ ਅਜੇ ਤਕ ਓਹਨਾਂ ਅਰਜ਼ੀਆਂ ਤੋਂ ਗਰਦ (ਧੂੜ) ਵੀ ਨਹੀਂ ਹਟਾਈ। ਮੀਟਿੰਗ ਵਿੱਚ ਸਮਾਜਿਕ ਆਗੂ ਮਾਲਵਿੰਦਰ ਸਿੰਘ ਮਾਲੀ ਤੇ ਮੋਹਾਲੀ ਪੁਲਿਸ ਵੱਲੋਂ ਐਫ.ਆਈ.ਆਰ ਦਰਜ਼ ਕਰਨ ਤੇ ਪੰਜਾਬ ਸਰਕਾਰ ਦੀ ਧੱਕੇਸ਼ਾਹੀ ਦੀ ਸ਼ਖਤ ਸਬਦਾਂ ਵਿੱਚ ਨਿਖੇਧੀ ਕੀਤੀ ਅਤੇ ਸਰਕਾਰ ਤੋਂ ਮੰਗ ਕੀਤੀ ਕਿ ਮਾਲੀ ਤੇ ਦਰਜ਼ ਕੀਤੀ ਐਫਆਈਆਰ ਤੁਰੰਤ ਰੱਦ ਕੀਤੀ ਜਾਵੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਗੁਰਤੇਜ਼ ਸਿੰਘ ਸਮਾਣਾ, ਕੁਲਵੰਤ ਕੌਰ ਚੰਨਕਮਾਸਪੁਰ, ਹਰਪ੍ਰੀਤ ਕੌਰ ਜੱਫਰਪੁਰ, ਬਲਵਿੰਦਰ ਕੌਰ ਚੰਦੂਮਾਜਰਾ,ਰਾਮਪਾਲ ਸਿੰਘ ਕਾਮੀਕਲਾਂ ਆਦਿ ਹਾਜਰ ਸਨ।

ਡੀ.ਸੀ ਨੇ ਕਿਦਵਈ ਨਗਰ ਸਕੂਲ ਆਫ ਐਮੀਨੈਂਸ ਦਾ ਨਿਰੀਖਣ ਕੀਤਾ

ਲੁਧਿਆਣਾ, 22 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਡਿਪਟੀ ਕਮਿਸ਼ਨਰ ਸ੍ਰੀ ਜਤਿੰਦਰ ਜੋਰਵਾਲ ਨੇ ਬੁੱਧਵਾਰ ਨੂੰ ਕਿਦਵਈ ਨਗਰ ਦੇ ਸਕੂਲ ਆਫ ਐਮੀਨੈਂਸ (ਐਸ.ਓ.ਈ) ਵਿੱਚ ਚੱਲ ਰਹੇ ਵਿਕਾਸ ਕੰਮਾਂ ਦਾ ਨਿਰੀਖਣ ਕੀਤਾ। ਸ੍ਰੀ ਜਤਿੰਦਰ ਜੋਰਵਾਲ ਨੇ ਐਸ.ਡੀ.ਐਮ ਵਿਕਾਸ ਹੀਰਾ ਅਤੇ ਵੱਖ-ਵੱਖ ਵਿਭਾਗਾਂ ਦੇ ਸੀਨੀਅਰ ਅਧਿਕਾਰੀਆਂ ਨੂੰ ਨਾਲ ਲੈ ਕੇ ਨਵੇਂ ਕੰਮਾਂ ਸਬੰਧੀ ਸੋਧੇ ਹੋਏ ਐਸਟੀਮੇਟ ਦੀ ਤਜਵੀਜ਼ ਕੁਝ ਦਿਨਾਂ ਵਿੱਚ ਪੇਸ਼ ਕਰਨ ਦੇ ਨਿਰਦੇਸ਼ ਜਾਰੀ ਕੀਤੇ। ਉਨ੍ਹਾਂ ਦੱਸਿਆ ਕਿ ਸਕੂਲ ਆਫ ਐਮੀਨੈਂਸ ਸਮਾਰਟ ਕਲਾਸਰੂਮ, ਆਧੁਨਿਕ ਬੁਨਿਆਦੀ ਢਾਂਚੇ, ਲੈਬ, ਸੀ.ਸੀ.ਟੀ.ਵੀ ਨਿਗਰਾਨੀ ਅਤੇ ਵੱਖ-ਵੱਖ ਖੇਡਾਂ ਲਈ ਖੇਡ ਦੇ ਮੈਦਾਨਾਂ ਨਾਲ ਲੈਸ ਹੋਵੇਗਾ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਸਕੂਲ ਆਫ਼ ਐਮੀਨੈਂਸ ਕਿਦਵਈ ਨਗਰ ਵਿੱਚ ਲੁਧਿਆਣਾ ਬਣਾਇਆ ਜਾ ਰਿਹਾ ਹੈ। ਉਹਨਾਂ ਕਿਹਾ ਕਿ ਸਕੂਲ ਆਫ਼ ਐਮੀਨੈਂਸ ਪ੍ਰੋਗਰਾਮ ਦਾ ਉਦੇਸ਼ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਅਤੇ ਉੱਜਵਲ ਭਵਿੱਖ ਲਈ ਸਿੱਖਿਆ ਖੇਤਰ ਵਿੱਚ ਕ੍ਰਾਂਤੀ ਲਿਆਉਣਾ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਪੰਜਾਬ ਸਰਕਾਰ ਸਿੱਖਿਆ ਖੇਤਰ ਵਿੱਚ ਮਿਆਰੀ ਸੇਵਾਵਾਂ ਦੇਣ ਨੂੰ ਪਹਿਲ ਦੇ ਰਹੀ ਹੈ। ਉਨ੍ਹਾਂ ਅੱਗੇ ਕਿਹਾ ਕਿ ਐਸ.ਓ.ਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸ਼ੁਰੂ ਕੀਤਾ ਗਿਆ ਇੱਕ ਉਤਸ਼ਾਹੀ ਪ੍ਰੋਗਰਾਮ ਹੈ, ਅਤੇ ਅਧਿਕਾਰੀਆਂ ਨੂੰ ਅਪੀਲ ਕੀਤੀ ਕਿ ਉਹ ਬਕਾਇਆ ਕੰਮਾਂ ਨੂੰ ਜਲਦੀ ਪੂਰਾ ਕਰਨ ਲਈ ਸੁਹਿਰਦ ਯਤਨ ਕਰਨ।

ਪਰਾਲੀ ਸਾੜਨ ਨੂੰ ਰੋਕਣ ਲਈ ਵਿਆਪਕ ਰਣਨੀਤੀ ਤਿਆਰ -ਡੀ.ਸੀ ਜਤਿੰਦਰ ਜੋਰਵਾਲ

ਲੁਧਿਆਣਾ, 22 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਡਿਪਟੀ ਕਮਿਸ਼ਨਰ ਸ੍ਰੀ ਜਤਿੰਦਰ ਜੋਰਵਾਲ ਨੇ ਬੁੱਧਵਾਰ ਨੂੰ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਪਰਾਲੀ ਸਾੜਨ ਦੇ ਮੁੱਦੇ ਨੂੰ ਹੱਲ ਕਰਨ ਲਈ ਵਿਆਪਕ ਰਣਨੀਤੀ ਅਪਣਾਏਗਾ। ਇਸ ਵਿੱਚ ਇਨ-ਸੀਟੂ ਅਤੇ ਐਕਸ-ਸੀਟੂ ਪ੍ਰਬੰਧਨ ਦੁਆਰਾ ਫਸਲਾਂ ਦੀ ਰਹਿੰਦ-ਖੂੰਹਦ ਦਾ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਬੰਧਨ ਕਰਨ ਦੇ ਨਾਲ-ਨਾਲ ਪਿੰਡਾਂ ਵਿੱਚ ਇੱਕ ਵਿਆਪਕ ਜਾਗਰੂਕਤਾ ਮੁਹਿੰਮ ਚਲਾਉਣਾ ਸ਼ਾਮਲ ਹੋਵੇਗਾ।

2024 ਵਿੱਚ ਝੋਨੇ ਦੀ ਪਰਾਲੀ ਨੂੰ ਸਾੜਨ ਤੋਂ ਰੋਕਣ ਅਤੇ ਕੰਟਰੋਲ ਕਰਨ ਦੀਆਂ ਤਿਆਰੀਆਂ ਦਾ ਜਾਇਜ਼ਾ ਲੈਣ ਲਈ ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਪ੍ਰਸ਼ਾਸਨ ਨੇ ਇਸ ਸੀਜ਼ਨ ਵਿੱਚ ਲਗਭਗ 16.53 ਲੱਖ ਮੀਟਰਕ ਟਨ ਝੋਨੇ ਦੀ ਪਰਾਲੀ ਦੇ ਪ੍ਰਬੰਧਨ ਲਈ ਪਹਿਲਾਂ ਹੀ ਡੂੰਘਾਈ ਨਾਲ ਵਿਉਂਤਬੰਦੀ ਕੀਤੀ ਹੈ। ਇਸ ਵਿੱਚੋਂ 12.69 ਲੱਖ ਮੀਟਰਕ ਟਨ ਪਰਾਲੀ ਦਾ ਪ੍ਰਬੰਧਨ ਇਨ-ਸੀਟੂ ਅਤੇ 3.32 ਲੱਖ ਮੀਟਰਕ ਟਨ ਪਰਾਲੀ ਦਾ ਪ੍ਰਬੰਧਨ ਸਾਬਕਾ ਸਥਿਤੀ ਪ੍ਰਬੰਧਨ ਦੁਆਰਾ ਕੀਤਾ ਜਾਵੇਗਾ। ਬਾਕੀ ਬਚੀ ਪਰਾਲੀ ਨੂੰ ਇੱਟਾਂ ਦੇ ਭੱਠਿਆਂ, ਬਾਇਲਰਾਂ ਅਤੇ ਚਾਰੇ ਵਜੋਂ ਵਰਤਣ ਸਮੇਤ ਹੋਰ ਯਤਨਾਂ ਵਿੱਚ ਵਰਤਿਆ ਜਾਵੇਗਾ।

ਡੀ.ਸੀ ਜੋਰਵਾਲ ਨੇ ਇਹ ਵੀ ਦੱਸਿਆ ਕਿ ਕਿਸਾਨਾਂ ਨੂੰ ਬੇਲਰ, ਰੇਕ, ਸੁਪਰ ਸੀਡਰ, ਸਮਾਰਟ ਸੀਡਰ, ਸਰਫੇਸ ਸੀਡਰ, ਜ਼ੀਰੋ ਡਰਿੱਲ, ਆਰ.ਐਮ.ਬੀ ਹਲ, ਮਲਚਰ, ਸਟਰਾਅ ਹੈਲੀਕਾਪਟਰ, ਸੁਪਰ ਐਸ.ਐਮ.ਐਸ, ਫਸਲ ਰੀਪਰ, ਰੋਟਰੀ ਸਲੈਸ਼ਰ ਅਤੇ ਟਰੈਕਟਰਾਂ ਸਮੇਤ 8978 ਮਸ਼ੀਨਾਂ ਮੁਹੱਈਆ ਕਰਵਾਈਆਂ ਗਈਆਂ ਹਨ। ਕਸਟਮ ਹਾਇਰਿੰਗ ਸੈਂਟਰ, ਸੋਸਾਇਟੀਆਂ ਅਤੇ ਕਿਸਾਨ ਸਮੂਹਾਂ ਨੂੰ ਪ੍ਰਸ਼ਾਸਨ ਨੇ 211 ਨੋਡਲ ਅਫਸਰ ਵੀ ਨਿਯੁਕਤ ਕੀਤੇ ਹਨ ਅਤੇ 90 ਕਲੱਸਟਰ ਅਫਸਰ ਪਰਾਲੀ ਸਾੜਨ ਤੋਂ ਰੋਕਣ ਲਈ ਆਪੋ-ਆਪਣੇ ਖੇਤਰਾਂ ਦੀ ਨੇੜਿਓਂ ਨਿਗਰਾਨੀ ਕਰਨਗੇ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਪ੍ਰਸ਼ਾਸਨ ਨੇ 30 ਹੌਟਸਪੌਟਸ ਦੀ ਸ਼ਨਾਖਤ ਕੀਤੀ ਹੈ ਅਤੇ ਸਬੰਧਤ ਖੇਤਰਾਂ ਦੇ ਸਬ-ਡਵੀਜ਼ਨਲ ਮੈਜਿਸਟਰੇਟਾਂ

ਏਅਰ ਮਾਰਸ਼ਲ ਅਮਰ ਪ੍ਰੀਤ ਸਿੰਘ ਹੋਣਗੇ ਭਾਰਤੀ ਹਵਾਈ ਫ਼ੌਜ ਦੇ ਨਵੇਂ ਮੁਖੀ

30 ਸਤੰਬਰ ਨੂੰ ਏਅਰ ਚੀਫ਼ ਮਾਰਸ਼ਲ ਵਿਵੇਕ ਰਾਮ ਚੌਧਰੀ ਦੀ ਸੇਵਾਮੁਕਤੀ ਪਿੱਛੋਂ ਸੰਭਾਲਣਗੇ ਅਹੁਦਾ

ਨਵੀਂ ਦਿੱਲੀ, 22 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਏਅਰ ਮਾਰਸ਼ਲ ਅਮਰ ਪ੍ਰੀਤ ਸਿੰਘ ਭਾਰਤੀ ਹਵਾਈ ਫ਼ੌਜ ਦੇ ਅਗਲੇ ਮੁਖੀ ਹੋਣਗੇ, ਜਿਨ੍ਹਾਂ ਦਾ 5000 ਘੰਟਿਆਂ ਤੋਂ ਵੱਧ ਦਾ ਹਵਾਈ ਉਡਾਣਾਂ ਦਾ ਤਜਰਬਾ ਹੈ। ਉਹ ਏਅਰ ਚੀਫ਼ ਮਾਰਸ਼ਲ ਵਿਵੇਕ ਰਾਮ ਚੌਧਰੀ ਦੀ ਥਾਂ ਲੈਣਗੇ।

ਰੱਖਿਆ ਮੰਤਰਾਲੇ ਨੇ ਸ਼ਨਿੱਚਰਵਾਰ ਨੂੰ ਇਕ ਬਿਆਨ ਵਿਚ ਕਿਹਾ ਕਿ ਇਸ ਸਮੇਂ ਭਾਰਤੀ ਹਵਾਈ ਸੈਨਾ ਦੇ ਉਪ ਮੁਖੀ ਵਜੋਂ ਸੇਵਾ ਨਿਭਾਅ ਰਹੇ ਏਅਰ ਮਾਰਸ਼ਲ ਅਮਰ ਪ੍ਰੀਤ ਸਿੰਘ 30 ਸਤੰਬਰ ਨੂੰ ਬਾਅਦ ਦੁਪਹਿਰ ਹਵਾਈ ਫ਼ੌਜ ਦੇ ਮੁਖੀ ਵਜੋਂ ਅਹੁਦਾ ਸੰਭਾਲਣਗੇ। ਇਸ ਸਬੰਧੀ ਬਿਆਨ ਵਿਚ ਕਿਹਾ ਗਿਆ ਹੈ, "ਸਰਕਾਰ ਨੇ ਏਅਰ ਮਾਰਸ਼ਲ ਅਮਰ ਪ੍ਰੀਤ ਸਿੰਘ, ਪੀਵੀਐਸਐਮ, ਏਵੀਐਸਐਮ, ਜੋ ਇਸ ਵੇਲੇ ਹਵਾਈ ਫ਼ੌਜ ਦੇ ਉਪ ਮੁਖੀ ਵਜੋਂ ਸੇਵਾ ਨਿਭਾਅ ਰਹੇ ਹਨ, ਨੂੰ ਏਅਰ ਚੀਫ਼ ਮਾਰਸ਼ਲ ਦੇ ਰੈਂਕ ਵਿਚ ਹਵਾਈ ਫ਼ੌਜ ਦਾ ਅਗਲਾ ਮੁਖੀ ਨਿਯੁਕਤ ਕੀਤਾ ਹੈ। ਇਹ ਹੁਕਮ 30 ਸਤੰਬਰ ਬਾਅਦ ਦੁਪਹਿਰ ਤੋਂ ਅਮਲ ਵਿਚ ਆਉਣਗੇ।" ਮੌਜੂਦਾ ਏਅਰ ਚੀਫ਼ ਮਾਰਸ਼ਲ ਵਿਵੇਕ ਰਾਮ ਚੌਧਰੀ 30 ਸਤੰਬਰ ਨੂੰ ਸੇਵਾ ਮੁਕਤ ਹੋ ਜਾਣਗੇ।

ਏਅਰ ਮਾਰਸ਼ਲ ਅਮਰ ਪ੍ਰੀਤ ਸਿੰਘ ਦਾ ਜਨਮ 27 ਅਕਤੂਬਰ, 1964 ਨੂੰ ਹੋਇਆ, ਜਿਨ੍ਹਾਂ ਨੂੰ ਭਾਰਤੀ ਹਵਾਈ ਫ਼ੌਜ ਦੀ ਫਾਈਟਰ ਪਾਇਲਟ ਸਟਰੀਮ ਵਿਚ ਦਸੰਬਰ 1984 'ਚ ਕਮਿਸ਼ਨ ਪ੍ਰਾਪਤ ਹੋਇਆ ਸੀ। ਉਨ੍ਹਾਂ ਆਪਣੀ ਕਰੀਬ 40 ਸਾਲ ਲੰਬੀ ਸੇਵਾ ਦੌਰਾਨ ਵੱਖੋ-ਵੱਖ ਜ਼ਿੰਮੇਵਾਰੀਆਂ ਤਹਿਤ ਸੇਵਾ ਨਿਭਾਈ, ਜਿਨ੍ਹਾਂ ਵਿਚ ਵਿਦੇਸ਼ਾਂ 'ਚ ਨਿਯੁਕਤੀਆਂ ਵੀ ਸ਼ਾਮਲ ਹਨ।

ਪ੍ਰਧਾਨ ਮੰਤਰੀ ਮੋਦੀ ਤਿੰਨ ਰੋਜ਼ਾ ਯਾਤਰਾ ਲਈ ਅਮਰੀਕਾ ਰਵਾਨਾ

ਨਵੀਂ ਦਿੱਲੀ, 22 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅਮਰੀਕਾ ਦੀ ਤਿੰਨ ਰੋਜ਼ਾ ਯਾਤਰਾ ਦੀ ਸ਼ੁਰੂਆਤ ਕਰਨ ਮੌਕੇ ਕਿਹਾ ਕਿ ਕਵਾਡ (ਚੌਥਾਈ ਸੁਰੱਖਿਆ ਸੰਵਾਦ) ਹਿੰਦ ਪ੍ਰਸ਼ਾਂਤ ਖੇਤਰ ਵਿਚ ਸ਼ਾਂਤੀ, ਪ੍ਰਗਤੀ ਅਤੇ ਖੁਸ਼ਹਾਲੀ ਦੇ ਲਈ ਕੰਮ ਕਰਨ ਲਈ ਇੱਕ ਪ੍ਰਮੁੱਖ ਸਮੂਹ ਦੇ ਰੂਪ ਵਿਚ ਉੱਭਰਿਆ ਹੈ। ਕਵਾਡ ਵਿਚ ਭਾਰਤ, ਅਮਰੀਕਾ, ਜਪਾਨ ਤੇ ਆਸਟ੍ਰੇਲੀਆ ਸ਼ਾਮਲ ਹਨ। ਪ੍ਰਧਾਨ ਮੰਤਰੀ ਆਪਣੀ ਇਸ ਯਾਤਰਾ ਦੌਰਾਨ ਡੇਲਾਵੇਅਰ ਦੇ ਵਿਲਮਿੰਗਟਨ ਵਿਚ ਆਯੋਜਿਤ ਹੋਣ ਵਾਲੇ ਸਲਾਨਾ ਕਵਾਡ ਸਿਖਰ ਸੰਮੇਲਨ ਵਿਚ ਸ਼ਾਮਲ ਹੋਣਗੇ ਅਤੇ ਨਿਊਯਾਰਕ ਵਿਚ ਸੰਯੁਕਤ ਰਾਸ਼ਟਰ ਮਹਾਂਸਭਾ 'ਸਮਿਟ ਆਫ਼ ਦ ਫਿਊਚਰ' ਪ੍ਰੋਗਰਾਮ ਨੂੰ ਸੰਬੋਧਨ ਕਰਨਗੇ।

ਇਸ ਤੋਂ ਇਲਾਵਾ ਸ੍ਰੀ ਮੋਦੀ ਆਪਣੀ ਯਾਤਰਾ ਦੌਰਾਨ ਕਾਰੋਬਾਰੀ ਖੇਤਰ ਦੀਆਂ ਮੁੱਖ ਅਮਰੀਕੀ ਕੰਪਨੀਆਂ ਦੇ ਪ੍ਰਮੁੱਖ ਅਧਿਕਾਰੀਆਂ ਨਾਲ ਬੈਠਕ ਕਰਨਗੇ। ਜ਼ਿਕਰਯੋਗ ਹੈ ਕਿ ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਈਡਨ ਡੇਲਾਵਰ ਦੇ ਵਿਲਮਿੰਗਟਨ ਵਿਚ ਅੱਕ ਕਵਾਡ ਦੇ ਚੌਥੇ ਸ਼ਿਖਰ ਸੰਮੇਲਨ ਦੀ ਮੇਜ਼ਬਾਨੀ ਕਰਨਗੇ

ਆਤਿਸ਼ੀ ਨੇ ਦਿੱਲੀ ਦੀ ਮੁੱਖ ਮੰਤਰੀ ਵਜੋਂ ਹਲਫ਼ ਲਿਆ

ਸੌਰਭ ਭਾਰਦਵਾਜ, ਗੋਪਾਲ ਰਾਏ, ਕੈਲਾਸ਼ ਗਹਿਲੋਤ, ਇਮਰਾਨ ਹੁਸੈਨ ਤੇ ਮੁਕੇਸ਼ ਅਹਿਲਾਵਤ ਬਣੇ ਕੈਬਨਿਟ ਮੰਤਰੀ

ਨਵੀਂ ਦਿੱਲੀ, 22 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਆਮ ਆਦਮੀ ਪਾਰਟੀ (ਆਪ) ਦੀ ਸੀਨੀਅਰ ਆਗੂ ਬੀਬੀ ਆਤਿਸ਼ੀ ਨੇ ਸ਼ਨਿੱਚਰਵਾਰ ਨੂੰ ਇਥੇ ਰਾਜ ਨਿਵਾਸ ਵਿਖੇ ਦਿੱਲੀ ਦੀ ਮੁੱਖ ਮੰਤਰੀ ਵਜੋਂ ਸਹੁੰ ਚੁੱਕੀ। ਉਨ੍ਹਾਂ ਨੂੰ ਦਿੱਲੀ ਦੇ ਉਪ ਰਾਜਪਾਲ ਵੀਕੇ ਸਕਸੈਨਾ ਨੇ ਅਹੁਦੇ ਤੇ ਰਾਜ਼ਦਾਰੀ ਦਾ ਹਲਫ਼ ਦਿਵਾਇਆ। ਉਨ੍ਹਾਂ ਨਾਲ ਸੌਰਭ ਭਾਰਦਵਾਜ, ਗੋਪਾਲ ਰਾਏ, ਕੈਲਾਸ਼ ਗਹਿਲੋਤ, ਇਮਰਾਨ ਹੁਸੈਨ ਅਤੇ ਮੁਕੇਸ਼ ਅਹਿਲਾਵਤ ਨੇ ਵੀ ਕੈਬਨਿਟ ਮੰਤਰੀਆਂ ਵਜੋਂ ਸਹੁੰ ਚੁੱਕੀ।

ਇਸ ਮੌਕੇ 'ਆਪ' ਸੁਪਰੀਮੋ ਅਤੇ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵੀ ਹਾਜ਼ਰ ਸਨ, ਜਿਨ੍ਹਾਂ ਵੱਲੋਂ ਅਸਤੀਫ਼ਾ ਦੇਣ ਤੋਂ ਬਾਅਦ ਮੁੱਖ ਮੰਤਰੀ ਦਾ ਅਹੁਦਾ ਖ਼ਾਲੀ ਹੋਇਆ ਸੀ। ਹਲਫ਼ਦਾਰੀ ਸਮਾਗਮ ਵਿਚ ਸਾਬਕਾ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਅਤੇ 'ਆਪ' ਦੇ ਹੋਰ ਵੀ ਵੱਡੀ ਗਿਣਤੀ ਆਗੂ ਵੀ ਹਾਜ਼ਰ ਸਨ।

ਇਸ ਤੋਂ ਪਹਿਲਾਂ ਆਤਿਸ਼ੀ ਅਤੇ ਉਨ੍ਹਾਂ ਨਾਲ ਮੰਤਰੀਆਂ ਵਜੋਂ ਨਾਮਜ਼ਦ 'ਆਪ' ਆਗੂਆਂ ਨੇ ਪਾਰਟੀ ਦੇ ਮੁਖੀ ਕੇਜਰੀਵਾਲ ਨਾਲ ਮੁਲਾਕਾਤ ਕੀਤੀ। ਆਤਿਸ਼ੀ ਅਤੇ ਦੂਜੇ 'ਆਪ' ਆਗੂ ਸਹੁੰ-ਚੁੱਕ ਸਮਾਗਮ ਲਈ ਰਾਜ ਨਿਵਾਸ ਜਾਣ ਤੋਂ ਪਹਿਲਾਂ ਇਥੇ ਸਿਵਲ ਲਾਈਨਜ਼ ਸਥਿਤ ਕੇਜਰੀਵਾਲ ਦੀ ਰਿਹਾਇਸ਼ ਉਤੇ ਪੁੱਜੇ ਤੇ ਉਨ੍ਹਾਂ ਨਾਲ ਮੁਲਾਕਾਤ ਕੀਤੀ।

ਗ਼ੌਰਤਲਬ ਹੈ ਕਿ ਇਸ ਹਫ਼ਤੇ ਦੇ ਸ਼ੁਰੂ ਵਿਚ ਕੇਜਰੀਵਾਲ ਨੇ ਇਹ ਕਹਿੰਦਿਆਂ ਅਚਾਨਕ ਮੁੱਖ ਮੰਤਰੀ ਦੇ ਅਹੁਦੇ ਤੋਂ ਅਸਤੀਫ਼ਾ ਦੇਣ ਦਾ ਐਲਾਨ ਕੀਤਾ ਸੀ ਕਿ ਉਹ ਦਿੱਲੀ ਦੀ ਜਨਤਾ ਤੋਂ 'ਈਮਾਨਦਾਰੀ ਦਾ ਫ਼ਤਵਾ' ਮਿਲਣ ਤੋਂ ਬਾਅਦ ਹੀ ਅਹੁਦਾ ਸੰਭਾਲਣਗੇ।

ਦਿੱਲੀ ਦੀ ਤੀਜੀ ਮਹਿਲਾ ਮੁੱਖ ਮੰਤਰੀ

ਬੀਬੀ ਆਤਿਸ਼ੀ ਨੇ ਦਿੱਲੀ ਦੀ ਤੀਜੀ ਮਹਿਲਾ ਮੁੱਖ ਮੰਤਰੀ ਵਜੋਂ ਅਹੁਦਾ ਸੰਭਾਲਿਆ ਹੈ। ਇਸ ਤੋਂ ਪਹਿਲਾਂ ਭਾਜਪਾ ਵੱਲੋਂ ਸੁਸ਼ਮਾ ਸਵਰਾਜ ਅਤੇ ਕਾਂਗਰਸ ਵੱਲੋਂ ਸ਼ੀਲਾ ਦੀਕਸ਼ਿਤ ਕੌਮੀ ਰਾਜਧਾਨੀ ਵਿਚ ਮਹਿਲਾ ਮੁੱਖ ਮੰਤਰੀਆਂ ਵਜੋਂ ਸੇਵਾ ਨਿਭਾਅ ਚੁੱਕੀਆਂ ਹਨ। ਭਾਰਤ ਭਰ ਵਿਚ ਆਜ਼ਾਦੀ ਤੋਂ ਬਾਅਦ ਮੁੱਖ ਮੰਤਰੀ ਦਾ ਅਹੁਦਾ ਸੰਭਾਲਣ ਵਾਲੀ ਉਹ 17ਵੀਂ ਮਹਿਲਾ ਆਗੂ ਹੈ।

ਤਿੰਨ ਤਲਾਕ ਦੇ ਦੋ ਮਾਮਲਿਆਂ ਵਿਚ 16 ਵਿਅਕਤੀਆਂ ਵਿਰੁੱਧ ਮਾਮਲਾ ਦਰਜ

ਗੋਂਡਾ, 22 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਗੋਂਡਾ ਜ਼ਿਲ੍ਹੇ ਵਿਚ ਪੁਲੀਸ ਨੇ ਇਕ ਹਫ਼ਤੇ ਵਿਚ ਦੋ ਵੱਖ ਵੱਖ ਮਾਮਲਿਆਂ ਵਿਚ 16 ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਐੱਸਪੀ ਵਿਨੀਤ ਜੈਸਵਾਲ ਨੇ ਦੱਸਿਆ ਕਿ ਕਟਰਾ ਬਜ਼ਾਰ ਥਾਣੇ ਵਿਚ ਹਿਨਾ ਬਾਨੋ ਨੇ ਆਪਣੇ ਪਤੀ ਅਤੇ 8 ਰਿਸ਼ਤੇਦਾਰਾਂ ਖ਼ਿਲਾਫ਼ ਪਰੇਸ਼ਾਨ ਕਰਨ ਅਤੇ ਦਹੇਜ਼ ਦੀ ਮੰਗ ਕਰਨ ਦੀ ਐੱਫ਼ਆਈਆਰ ਦਰਜ ਕਰਵਾਈ ਗਈ ਹੈ। ਉਸਨੇ ਦੋਸ਼ ਲਾਏ ਹਨ ਆਪਸੀ ਸਹਿਮਤੀ ਤੋਂ ਬਿਨ੍ਹਾਂ ਤਲਾਕ ਦੇਣ ਤੋਂ ਨਾਂ ਕਰਨ ਤੇ ਉਸਦੇ ਪਤੀ ਨੇ ਅਕਤੂਬਰ 2023 ਵਿਚ ਉਸਨੂੰ ਤਿੰਨ ਤਲਾਕ ਅਧੀਨ ਤਲਾਕ ਦੇ ਦਿੱਤਾ। ਇਸ ਤਰ੍ਹਾਂ ਦੇ ਦੂਜੇ ਮਾਮਲੇ ਵਿਚ ਮੰਨੀਪੁਰ ਵਾਸੀ ਸੋਬੀ ਨੇ ਆਪਣੇ ਪਤੀ ਸਮੇਤ ਸੱਤ ਵਿਅਕਤੀਆਂ 'ਤੇ ਦਹੇਜ਼ ਲਈ ਪਰੇਸ਼ਾਨ ਕਰਨ ਦਾ ਮਾਮਲਾ ਦਰਜ ਕਰਵਾਇਆ ਹੈ, ਉਸਨੇ ਦੋਸ਼ ਲਾਏ ਹਨ ਕਿ 27 ਅਗਸਤ 2024 ਨੂੰ ਉਸਦੇ ਪਤੀ ਦਿਲਨਵਾਜ਼ ਨੇ ਉਸਨੂੰ ਤਿੰਨ ਤਲਾਕ ਅਧੀਨ ਤਲਾਕ ਦੇ ਦਿੱਤਾ। ਇਸ ਸਬੰਧੀ ਪੁਲੀਸ ਅਧਿਕਾਰੀਆਂ ਨੇ ਕਿਹਾ ਕਿ ਮਾਮਲੇ ਵਿਚ ਯੋਗ ਕਾਰਵਾਈ ਕੀਤੀ ਜਾਵੇਗੀ।

ਵਿਦਿਆਰਥੀਆਂ ਵੱਲੋਂ ਦਿੱਲੀ ਏਮਜ਼ ਦੇ ਪ੍ਰਸ਼ਾਸਨ ਖ਼ਿਲਾਫ਼ ਪ੍ਰਦਰਸ਼ਨ

ਏਮਜ਼ ਪ੍ਰਸ਼ਾਸਨ ਖ਼ਿਲਾਫ਼ ਪ੍ਰਦਰਸ਼ਨ ਦੌਰਾਨ ਜਾਣਕਾਰੀ ਦਿੰਦੇ ਹੋਏ ਵਿਦਿਆਰਥੀ।

ਨਵੀਂ ਦਿੱਲੀ, 22 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਆਲ ਇੰਡੀਆ ਇੰਸਟੀਚਿਊਟ ਆਫ ਮੈਡੀਕਲ ਸਾਇੰਸਿਜ਼ (199$♥) ਨੇ ਏਮਜ਼ ਪ੍ਰਸ਼ਾਸਨ ਦੇ ਖ਼ਿਲਾਫ਼ ਵਿਦਿਆਰਥੀਆਂ ਨੇ ਕਈ ਮੁੱਦਿਆਂ ਨੂੰ ਦਰਸਾਉਂਦੇ ਅਤੇ ਕਾਲਜ ਆਫ਼ ਓਪਟੋਮੈਟਰੀ ਬਣਾਉਣ ਦੀ ਮੰਗ ਕਰਦਿਆਂ ਪ੍ਰਦਰਸ਼ਨ ਕੀਤਾ ਹੈ। ਇਸ ਦੌਰਾਨ ਪ੍ਰਦਰਸ਼ਨਕਾਰੀ ਵਿਦਿਆਰਥੀਆਂ ਨੇ ਹੋਸਟਲਾਂ ਦੀ ਉਪਲਬਧਤਾ, ਔਰਤਾਂ ਦੀ ਸੁਰੱਖਿਆ ਅਤੇ ਸਿਲੇਬਸ ਨੂੰ ਅਪਗ੍ਰੇਡ ਨਾ ਕੀਤੇ ਜਾਣ ਵਰਗੇ ਮੁੱਦਿਆਂ ਦਾ ਹਵਾਲਾ ਦਿੱਤਾ। ਏਮਜ਼ ਦੇ ਬੈਚਲਰ ਆਫ਼ ਓਪਟੋਮੈਟਰੀ ਦੇ ਵਿਦਿਆਰਥੀ ਨਸੀਰ ਹਸਨ ਨੇ ਕਿਹਾ ਕਿ ਉਨ੍ਹਾਂ ਦੀ ਮੁੱਢਲੀ ਮੰਗ ਸਿੱਖਿਆ ਹੈ। ਉਨ੍ਹਾਂ ਕਿਹਾ ਕਿ ਏਮਜ਼ ਨੇ ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲੇ ਦੇ ਪਾਠਕ੍ਰਮ ਨੂੰ ਲਾਗੂ ਨਹੀਂ ਕੀਤਾ ਹੈ। ਏਮਜ਼ ਸਾਨੂੰ ਸਿੱਖਿਆ ਪ੍ਰਦਾਨ ਕਰਨ ਤੋਂ ਅਸਮਰੱਥ ਹੈ, ਉਹ ਆਪਟੋਮੈਟਰੀ ਕਾਲਜ ਨਹੀਂ ਬਣਾ ਰਹੇ ਹਨ ਅਤੇ ਸਾਨੂੰ ਪੜ੍ਹਾਉਣ ਲਈ ਅਧਿਆਪਕਾਂ ਨੂੰ ਨਿਯੁਕਤ ਨਹੀਂ ਕੀਤਾ ਗਿਆ।

ਮੈਡੀਕਲ ਦੇ ਪਹਿਲੇ ਸਾਲ ਦੀ ਵਿਦਿਆਰਥਣ ਆਸ਼ਾ ਚੌਧਰੀ ਨੇ ਸ਼ਿਕਾਇਤ ਕੀਤੀ ਕਿ ਉਨ੍ਹਾਂ ਦੇ ਆਉਣ 'ਤੇ ਹੋਸਟਲ ਅਲਾਟ ਨਹੀਂ ਕੀਤੇ ਜਾਂਦੇ ਹਨ ਅਤੇ ਔਰਤਾਂ ਦੀ ਸੁਰੱਖਿਆ ਵੀ ਇੱਕ ਮੁੱਦਾ ਹੈ। ਉਨ੍ਹਾਂ ਕਿਹਾ ਕਿ ਪਿਛਲੇ 20 ਦਿਨਾਂ ਤੋਂ ਅਸੀਂ ਦਫ਼ਤਰ ਦੇ ਬਾਹਰ ਧਰਨੇ 'ਤੇ ਬੈਠੇ ਹਾਂ, ਪਰ ਸਾਡੀ ਸੁਣਵਾਈ ਨਹੀਂ ਹੋ ਰਹੀ।

ਵਿਦਿਆਰਥੀਆਂ ਨੇ ਕਿਹਾ ਕਿ ਇਸ ਸਬੰਧੀ ਅੱਜ ਮੀਟਿੰਗ ਵੀ ਹੋਈ ਅਤੇ ਇਸੇ ਤਰ੍ਹਾਂ ਪਹਿਲਾਂ ਵੀ 2-3 ਮੀਟਿੰਗਾਂ ਹੋਈਆਂ, ਪਰ ਉਹ ਸਾਨੂੰ ਕੋਈ ਜਵਾਬ ਨਹੀਂ ਦੇ ਰਹੇ। ਸਾਨੂੰ ਧਮਕੀ ਦਿੱਤੀ ਗਈ ਹੈ ਕਿ ਜੇਕਰ ਅਸੀਂ ਆਪਣਾ ਵਿਰੋਧ ਖ਼ਤਮ ਨਾ ਕੀਤਾ ਤਾਂ ਲਾਠੀਚਾਰਜ ਕੀਤਾ ਜਾਵੇਗਾ। ਏਮਜ਼ 'ਚ ਹੁਣ ਵੀ 50 ਦੇ ਕਰੀਬ ਪੁਲੀਸ ਮੁਲਾਜ਼ਮ ਮੌਜੂਦ ਹਨ, ਇਸ ਕਾਰਨ ਵਿਦਿਆਰਥੀਆਂ ਦੀ ਮਾਨਸਿਕ ਸਿਹਤ ਪ੍ਰਭਾਵਿਤ ਹੋ ਰਹੀ ਹੈ।

ਕੋਲਕਾਤਾ ਕੇਸ 'ਚ 42 ਦਿਨਾਂ ਬਾਅਦ ਐਮਰਜੈਂਸੀ ਸੇਵਾਵਾਂ 'ਤੇ ਪਰਤੇ ਡਾਕਟਰ

ਕੋਲਕਾਤਾ, 22 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਜੂਨੀਅਰ ਡਾਕਟਰਾਂ ਨੇ ਸ਼ਨੀਵਾਰ ਸਵੇਰੇ ਵੱਖ-ਵੱਖ ਸਰਕਾਰੀ ਹਸਪਤਾਲਾਂ ਵਿੱਚ 42 ਦਿਨਾਂ ਬਾਅਦ ਅੰਸ਼ਕ ਤੌਰ 'ਤੇ ਆਪਣੀ ਡਿਊਟੀ ਮੁੜ ਸ਼ੁਰੂ ਕਰ ਦਿੱਤੀ ਹੈ। ਜ਼ਿਕਰਯੋਗ ਹੈ ਕਿ ਜੂਨੀਅਰ ਡਾਕਟਰ ਆਰਜੀ ਕਰ ਮੈਡੀਕਲ ਕਾਲਜ ਅਤੇ ਹਸਪਤਾਲ ਵਿੱਚ ਇੱਕ ਆਨ-ਡਿਊਟੀ ਮਹਿਲਾ ਡਾਕਟਰ ਨਾਲ ਜਬਰ ਜਨਾਹ ਅਤੇ ਹੱਤਿਆ ਦੇ ਵਿਰੋਧ ਵਿੱਚ ਕੰਮ ਬੰਦ ਕਰਕੇ ਪ੍ਰਦਰਸ਼ਨ ਕਰ ਰਹੇ ਸਨ।

ਸ਼ਨਿੱਚਰਵਾਰ ਨੂੰ ਜੂਨੀਅਰ ਡਾਕਟਰ ਸਾਰੇ ਸਰਕਾਰੀ ਹਸਪਤਾਲਾਂ ਵਿੱਚ ਓਪੀਡੀ ਛੱਡ ਕੇ ਜ਼ਰੂਰੀ ਅਤੇ ਐਮਰਜੈਂਸੀ ਸੇਵਾਵਾਂ ਵਿੱਚ ਆਪਣੀਆਂ ਡਿਊਟੀਆਂ 'ਤੇ ਮੁੜ ਆਏ ਹਨ।

ਡਾਕਟਰਾਂ ਨੇ ਕਿਹਾ ਕਿ ਅਸੀਂ ਅੱਜ ਡਿਊਟੀਆਂ 'ਤੇ ਮੁੜ ਜੁਆਇਨ ਕਰਨਾ ਸ਼ੁਰੂ ਕਰ ਦਿੱਤਾ ਹੈ। ਸਾਡੇ ਸਾਥੀ ਅੱਜ ਸਵੇਰ ਤੋਂ ਹੀ ਜ਼ਰੂਰੀ ਅਤੇ ਐਮਰਜੈਂਸੀ ਸੇਵਾਵਾਂ ਵਿੱਚ ਆਪਣੇ-ਆਪਣੇ ਵਿਭਾਗਾਂ 'ਚ ਵਾਪਸ ਪਰਤਣੇ ਸ਼ੁਰੂ ਹੋ ਗਏ ਹਨ, ਪਰ ਓਪੀਡੀਜ਼ ਵਿੱਚ ਨਹੀਂ। ਉਨ੍ਹਾਂ ਕਿਹਾ ਕਿ ਕਿਰਪਾ ਕਰਕੇ ਇਹ ਨਾ ਭੁੱਲੋ ਕਿ ਇਹ ਸਿਰਫ਼ ਇੱਕ ਅੰਸ਼ਕ ਤੌਰ 'ਤੇ ਡਿਊਟੀ ਮੁੜ ਸ਼ੁਰੂ ਕੀਤੀ ਗਈ ਹੈ।

ਅੰਦੋਲਨਕਾਰੀ ਡਾਕਟਰਾਂ ਨੇ ਕਿਹਾ ਕਿ ਉਹ ਪ੍ਰਸ਼ਾਸਨ ਵੱਲੋਂ ਮ੍ਰਿਤਕ ਡਾਕਟਰ ਲਈ ਇਨਸਾਫ਼ ਅਤੇ ਸੂਬੇ ਦੇ ਸਿਹਤ ਸਕੱਤਰ ਨੂੰ ਹਟਾਉਣ ਦੀਆਂ ਆਪਣੀਆਂ ਮੰਗਾਂ ਨੂੰ ਪੂਰਾ ਕਰਨ ਲਈ ਸੱਤ ਦਿਨ ਹੋਰ ਉਡੀਕ ਕਰਨਗੇ ਨਹੀਂ ਤਾਂ ਉਹ 'ਕੰਮ ਬੰਦ' ਦਾ ਇੱਕ ਹੋਰ ਦੌਰ ਸ਼ੁਰੂ ਕਰਨਗੇ।

ਯਮੁਨਾਨਗਰ 'ਚ ਸ਼ੁੱਕਰਵਾਰ ਤੋਂ ਲਾਪਤਾ 6 ਸਾਲਾ ਬੱਚੀ ਦੀ ਲਾਸ਼ ਮਿਲੀ

ਯਮੁਨਾਨਗਰ, 22 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਯਮੁਨਾਨਗਰ ਜ਼ਿਲ੍ਹੇ ਦੇ ਛਛਰੌਲੀ ਥਾਣੇ ਅਧੀਨ ਪੈਂਦੇ ਪਿੰਡ ਵਿੱਚ ਗੰਨੇ ਦੇ ਖੇਤ ਵਿੱਚੋਂ ਛੇ ਸਾਲਾ ਬੱਚੀ ਦੀ ਲਾਸ਼ ਮਿਲੀ ਹੈ। ਪੀੜਤਾ ਸ਼ੁੱਕਰਵਾਰ ਸ਼ਾਮ ਨੂੰ ਘਰ ਦੇ ਬਾਹਰ ਖੇਡਦੀ ਹੋਈ ਲਾਪਤਾ ਹੋ ਗਈ ਸੀ। ਸਥਾਨਕ ਲੋਕਾਂ ਨੂੰ ਸ਼ੱਕ ਹੈ ਕਿ ਲੜਕੀ ਨੂੰ ਪਿੰਡ ਦੇ ਹੀ ਕਿਸੇ ਵਿਅਕਤੀ ਨੇ ਜਿਣਸੀ ਸ਼ੋਸ਼ਣ ਤੋਂ ਬਾਅਦ ਮਾਰ ਦਿੱਤਾ ਹੈ। ਪੁਲਿਸ ਸੁਪਰਡੈਂਟ ਗੰਗਾ ਰਾਮ ਪੁਨੀਆ ਨੇ ਟ੍ਰਿਬਿਊਨ ਨੂੰ ਦੱਸਿਆ ਕਿ ਸ਼ੁੱਕਰਵਾਰ ਦੇਰ ਰਾਤ ਇੱਕ ਲੜਕੀ ਦੇ ਲਾਪਤਾ ਹੋਣ ਦੀ ਸੂਚਨਾ ਮਿਲਣ ਤੋਂ ਬਾਅਦ ਉਸ ਦੀ ਭਾਲ ਸ਼ੁਰੂ ਕੀਤੀ ਗਈ। ਉਨ੍ਹਾਂ ਦੱਸਿਆ ਕਿ ਲੜਕੀ ਦੀ ਲਾਸ਼ ਕੁਝ ਘੰਟਿਆਂ ਬਾਅਦ ਗੰਨੇ ਦੇ ਖੇਤ ਵਿੱਚ ਪਈ ਮਿਲੀ।

ਪੂਨੀਆ ਨੇ ਕਿਹਾ ਕਿ ਪਹਿਲੀ ਨਜ਼ਰੇ ਜਾਪਦਾ ਹੈ ਕਿ ਲੜਕੀ ਦਾ ਕਤਲ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਉਸ ਦਾ ਜਿਨਸੀ ਸ਼ੋਸ਼ਣ ਬਾਰੇ ਪੋਸਟਮਾਰਟਮ ਜਾਂਚ ਤੋਂ ਬਾਅਦ ਪਤਾ ਲੱਗ ਸਕੇਗਾ, ਉਨ੍ਹਾਂ ਕਿਹਾ ਕਿ ਇੱਕ ਸ਼ੱਕੀ ਦੀ ਪਛਾਣ ਕਰ ਲਈ ਗਈ ਹੈ ਅਤੇ ਉਸ ਨੂੰ ਫੜਨ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ।

ਜ਼ਿਲ੍ਹੇ ਵਿੱਚ ਪਿਛਲੇ ਤਿੰਨ ਦਿਨਾਂ ਵਿੱਚ ਅਜਿਹਾ ਦੂਜਾ ਮਾਮਲਾ ਸਾਹਮਣੇ ਆਇਆ ਹੈ। ਇਸ ਤੋਂ ਪਹਿਲਾਂ ਬੂਰੀਆ ਕਸਬੇ 'ਚ 7 ਸਾਲਾ ਬੱਚੀ ਨਾਲ ਉਸ ਦੇ ਗੁਆਂਢੀ ਨੇ ਕਥਿਤ ਤੌਰ 'ਤੇ ਜਬਰ ਜਨਾਹ ਕਰਕੇ ਕਤਲ ਕਰ ਦਿੱਤਾ ਸੀ।

ਕਲੱਸਟਰ ਅਫ਼ਸਰ, ਵਿਲੇਜ਼ ਲੈਵਲ ਅਫ਼ਸਰ ਨੂੰ ਖੁਦ ਫ਼ੋਨ ਕਰਕੇ ਪਰਾਲੀ ਪ੍ਰਬ

ਆਯੂਸ਼ਮਾਨ ਯੋਜਨਾ ਨੂੰ ਲੈ ਕੇ ਪੰਜਾਬ ਸਰਕਾਰ ਦਾ ਵੱਡਾ ਬਿਆਨ

ਏਜੰਸੀਆਂ

ਨਾਭਾ 22 ਸਤੰਬਰ। ਪੰਜਾਬ ਵਿਚ ਆਯੂਸ਼ਮਾਨ ਭਾਰਤ ਯੋਜਨਾ ਨੂੰ ਲੈ ਕੇ ਕੇਂਦਰੀ ਸਿਹਤ ਮੰਤਰੀ ਜੇ.ਪੀ. ਨੱਢਾ ਵੱਲੋਂ ਦਿੱਤੇ ਬਿਆਨ ਮਗਰੋਂ ਸਿਆਸਤ ਭੱਖ ਗਈ ਹੈ। ਪੰਜਾਬ ਦੇ ਸਿਹਤ ਮੰਤਰੀ ਡਾ. ਬਲਬੀਰ

ਸਿੰਘ ਨੇ ਜੇ.ਪੀ. ਨੱਢਾ 'ਤੇ ਪਲਟਵਾਰ ਕੀਤਾ ਹੈ। ਉਨ੍ਹਾਂ ਕਿਹਾ ਕਿ ਸੂਬੇ ਵਿਚ ਆਯੂਸ਼ਮਾਨ ਸਕੀਮ ਦਾ ਪੈਸਾ ਪੰਜਾਬ ਸਰਕਾਰ ਹੀ ਲਗਾ ਰਹੀ ਹੈ, ਕੇਂਦਰ ਸਰਕਾਰ ਆਪਣਾ ਬਣਦਾ ਹਿੱਸਾ ਨਹੀਂ ਦੇ ਰਹੀ। ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਡਾ. ਬਲਬੀਰ ਸਿੰਘ ਨੇ ਕਿਹਾ ਕਿ ਕੇਂਦਰ ਸਰਕਾਰ ਪੰਜਾਬ ਤੋਂ 2018 ਤੋਂ ਹੁਣ ਤਕ ਦਾ ਬਿਓਰਾ ਮੰਗ ਰਹੇ ਹਨ। ਪਰ 2018 ਤੋਂ 2021 ਤਕ ਦੇ ਮੁੱਖ ਮੰਤਰੀ ਤਾਂ ਇਨ੍ਹਾਂ ਦੇ ਨਾਲ ਤੁਰੇ ਫਿ?ਰਦੇ ਹਨ। ਉਨ੍ਹਾਂ ਦੀ ਸਰਕਾਰ ਵੇਲੇ ਤਾਂ ਇਨ੍ਹਾਂ ਨੇ ਫੰਡ ਨਹੀਂ ਰੋਕਿਆ, ਪਰ ਹੁਣ ਸਾਡੀ ਸਰਕਾਰ ਬਣਨ 'ਤੇ ਪੰਜਾਬ ਦਾ ਫੰਡ ਰੋਕ ਲਿਆ। ਸਿਹਤ ਮੰਤਰੀ ਨੇ ਕਿਹਾ ਕਿ ਅਸੀਂ 2018 ਤੋਂ 2022 ਤਕ ਦਾ ਬਿਓਰਾ ਭੇਜ ਚੁੱਕੇ ਹਾਂ। ਉਨ੍ਹਾਂ ਕਿਹਾ ਕਿ ਅਸੀਂ ਕੇਂਦਰੀ ਮੰਤਰੀ ਨੂੰ ਅਪੀਲ ਕੀਤੀ ਸੀ ਕਿ ਉਹ ਬਕਾਇਆ 225 ਕਰੋੜ ਵਿਚੋਂ 125 ਕਰੋੜ ਰੁਪਏ ਜਾਰੀ ਕਰ ਦੇਣ। ਬਾਕੀ 2023 ਤੇ 2024 ਦਾ ਬਿਓਰਾ ਵੀ ਭੇਜ ਰਹੇ ਹਾਂ। ਉਨ੍ਹਾਂ ਕਿਹਾ ਕਿ ਅਸੀਂ ਯੋਜਨਾ ਨਾਲ ਜੁੜੀਆਂ ਸ਼ਰਤਾਂ ਮੁਤਾਬਕ ਕੰਮ ਕਰ ਰਹੇ ਹਾਂ। ਡਾ. ਬਲਬੀਰ ਸਿੰਘ ਨੇ ਜੇ.ਪੀ. ਨੱਢਾ ਨੂੰ ਅਪੀਲ ਕੀਤੀ ਕਿ ਸਿਹਤ ਮਹਿਕਮਾ ਲੋਕਾਂ ਦੀ ਜਾਨ ਨਾਲ ਜੁੜਿਆ ਹੋਇਆ ਹੈ। ਇਸ 'ਤੇ ਰਾਜਨੀਤੀ ਨਹੀਂ ਕਰਨੀ ਚਾਹੀਦੀ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕਾਂ ਦੀ ਤੁਹਾਡੇ ਨਾਲੋਂ ਜਾ?ਆਦਾ ਫਿਕਰ ਹੈ, ਅਸੀਂ ਤਾਂ ਮੁਫਤ ਇਲਾਜ ਕਰ ਰਹੇ ਹਾਂ। ਉਨ੍ਹਾਂ ਕਿਹਾ ਕਿ ਅਸੀਂ ਤਾਂ ਅਕਾਲੀ-ਭਾਜਪਾ ਤੇ ਕਾਂਗਰਸ ਸਰਕਾਰ ਦੇ ਕੰਡੇ ਚੁਗ ਰਹੇ ਹਾਂ। ਉਨ੍ਹਾਂ ਕਿਹਾ ਕਿ ਸੋਮਵਾਰ ਨੂੰ ਸਾਡੀ ਟੀਮ ਕੇਂਦਰ ਨਾਲ ਮੀਟਿੰਗ ਲਈ ਜਾ ਰਹੀ ਹੈ, ਇਹ ਪਹਿਲਾਂ ਤੋਂ ਹੀ ਨਿਰਧਾਰਤ ਹੈ। ਇਸ ਲਈ ਇਸ ਮਾਮਲੇ 'ਤੇ ਮੀਡੀਆ ਵਿਚ ਬਿਆਨਬਾਜੀ ਕਰਨ ਜਾਂ ਮੁੱਖ ਮੰਤਰੀ ਨੂੰ ਚਿੱਠੀ ਲਿਖਣ ਦਾ ਕੋਈ ਮਤਲਬ ਨਹੀਂ ਸੀ ਬਣਦਾ।

ਜਲੰਧਰ 'ਚ ਅਮੋਨੀਆ ਗੈਸ ਲੀਕ ਹੋਣ ਦੇ ਮਾਮਲੇ 'ਚ ਪੁਲਸ ਦਾ ਵੱਡਾ ਖੁਲਾਸਾ

ਸਰਦੂਲ ਸਿੰਘ

ਜਲੰਧਰ 22 ਸਤੰਬਰ। ਜਲੰਧਰ ਦੇ ਦੋਮੋਰੀਆ ਪੁੱਲ ਨੇੜੇ ਇਕ ਬਰਫ ਦੇ ਕਾਰਖਾਨੇ ਵਿਚ ਅਮੋਨੀਆ ਗੈਸ ਲੀਕ ਹੋਣ ਦੇ ਮਾਮਲੇ ਵਿਚ ਪੁਲਸ ਨੇ ਵੱਡਾ ਖੁਲਾਸਾ ਕੀਤਾ ਹੈ। ਪੁਲਸ ਦਾ ਕਹਿਣਾ ਹੈ ਕਿ ਅਜੇ ਵੀ ਕਾਰਖਾਨੇ ਵਿਚ 2-3 ਤਿੰਨ ਲੋਕ ਫਸੇ ਹੋਏ ਹਨ, ਜਿਨ੍ਹਾਂ ਨੂੰ ਕੱਢਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਪੁਲਸ ਦੇ ਨਾਲ-ਨਾਲ ਫਾਇਰ ਬ੍ਰਿਗੇਡ ਦੀ ਟੀਮ, ਐਂਬੂਲੈਂਸ ਵੀ ਮੌਕੇ ਉਤੇ ਪਹੁੰਚੀ ਹੋਈ ਹੈ। ਉਨ੍ਹਾਂ ਵੱਲੋਂ ਰਾਹਤ ਦੇ ਕਾਰਜ ਕੀਤੇ ਜਾ ਰਹੇ ਹਨ। ਕਰੀਬ ਦੋ ਘੰਟਿਆਂ ਦੀ ਮੁਸ਼ੱਕਤ ਦੇ ਮਗਰੋਂ ਫਾਇਰ ਬ੍ਰਿਗੇਡ ਦੀ ਟੀਮ ਨੇ ਕਿਸੇ ਤਰ੍ਹਾਂ ਗੈਸ ਲੀਕੇਜ 'ਤੇ ਕਾਬੂ ਪਾ ਲਿਆ ਹੈ ਪਰ ਇਸ ਹਾਦਸੇ ਵਿਚ ਇਕ ਵਿਅਕਤੀ ਦੀ ਮੌਤ ਹੋ ਗਈ ਹੈ। ਉਕਤ ਵਿਅਕਤੀ ਦੀ ਲਾਸ਼ ਨੂੰ ਬਾਹਰ ਕੱਢਿਆ ਗਿਆ ਹੈ, ਉਸ ਦਾ ਸਰੀਰ ਕਾਫੀ ਸੜਿਆ ਹੋਇਆ ਸੀ। ਮੌਕੇ ਉਤੇ ਉਸ ਨੂੰ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਘਟਨਾ ਦੀ ਸੂਚਨਾ ਮਿਲਦੇ ਹੀ ਥਾਣਾ-3 ਦੀ ਪੁਲਸ ਅਤੇ ਫਾਇਰ ਬ੍ਰਿਗੇਡ ਦੀ ਟੀਮ ਮੌਕੇ 'ਤੇ ਪਹੁੰਚ ਗਈ। ਫਿਲਹਾਲ ਪੁਲਸ ਨੇ ਇਲਾਕੇ ਨੂੰ ਸੀਲ ਕਰ ਦਿੱਤਾ ਹੈ। ਗੈਸ ਦਾ ਪ੍ਰਭਾਵ ਖਤਮ ਹੋਣ ਤੋਂ ਬਾਅਦ ਹੀ ਕਿਸੇ ਵੀ ਵਿਅਕਤੀ ਨੂੰ ਉਕਤ ਰੂਟ 'ਤੇ ਜਾਣ ਦੀ ਇਜਾਜਤ ਦਿੱਤੀ ਜਾਵੇਗੀ। ਐਂਬੂਲੈਂਸ ਮੌਕੇ 'ਤੇ ਪਹੁੰਚ ਗਈ ਹੈ। ਫਾਇਰ ਬ੍ਰਿਗੇਡ ਦੇ ਅਧਿਕਾਰੀ ਫੈਕਟਰੀ ਵਿੱਚ ਫਸੇ ਲੋਕਾਂ ਨੂੰ ਕੱਢਣ ਦੀ ਕੋਸ਼ਿਸ਼ ਕਰ ਰਹੇ ਹਨ। ਲੋਕਾਂ ਨੇ ਦੱਸਿਆ ਕਿ ਗੈਸ ਇੰਨੀ ਤੇਜ ਸੀ ਕਿ ਰਸਤੇ ਵਿਚੋਂ ਲੰਘ ਰਹੇ ਲੋਕ ਬੇਹੋਸ਼ ਹੋ ਕੇ ਡਿੱਗੇ ਸਨ। ਉਕਤ ਲੋਕ ਸਾਈਕਲ 'ਤੇ ਜਾ ਰਹੇ ਸਨ ਤਾਂ ਵੇਖਿਆ ਕਿ ਇਕ-ਦਮ ਲੋਕ ਡਿੱਗਣ ਲੱਗ ਗਏ। ਫਿਰ ਬਾਅਦ ਵਿਚ ਪਤਾ

ਲੱਗਾ ਕਿ ਫੈਕਟਰੀ ਵਿਚੋਂ ਗੈਸ ਲੀਕ ਹੋਈ ਹੈ। ਜਿਸ ਦੇ ਕਾਰਨ ਪੂਰੇ ਇਲਾਕੇ ਵਿਚ ਦਹਿਸ਼ਤ ਫੈਲ ਗਈ। ਫਾਇਰ ਬ੍ਰਿਗੇਡ ਦੇ ਕਰਮਚਾਰੀਆਂ ਮੁਤਾਬਕ ਫੈਕਟਰੀ ਦੇ ਅੰਦਰ ਉਪਰ ਵਾਲੇ ਹਿੱਸੇ ਵਿਚ 12 ਵਾਲ ਸਨ ਅਤੇ ਕੁਝ ਵਾਲਸ ਹੇਠਾਂ ਸਨ, ਜਿਨ੍ਹਾਂ ਨੂੰ ਕਰੀਬ ਦੋ ਘੰਟਿਆਂ ਦੀ ਮੁਸ਼ੱਕਤ ਦੇ ਬਾਅਦ ਬੰਦ ਕੀਤਾ ਗਿਆ। ਫੈਕਟਰੀ ਦੇ ਅੰਦਰ 70 ਸਾਲਾ ਵਿਅਕਤੀ ਫਸਿਆ ਹੋਇਆ ਸੀ, ਜਿਸ ਨੂੰ ਫਾਇਰ ਬ੍ਰਿਗੇਡ ਨੇ ਬਾਹਰ ਕੱਢਿਆ। ਇਕ ਵਿਅਕਤੀ ਅੰਦਰੋਂ ਖੁਦ ਕਿਸੇ ਤਰ੍ਹਾਂ ਬਾਹਰ ਨਿਕਲਣ ਵਿਚ ਕਾਮਯਾਬ ਹੋਇਆ। ਇਕ ਪਾਈਪ ਲੀਕ ਹੋ ਰਹੀ ਸੀ। ਫਿਲਹਾਲ ਲੀਕੇਜ ਦਾ ਕਾਰਨ ਸਪੱਸ਼ਟ ਨਹੀਂ ਹੋ ਸਕਿਆ ਹੈ। ਕ੍ਰਾਈਮ ਸੀਨ 'ਤੇ ਜਾਂਚ ਲਈ ਜਲੰਧਰ ਸਿਟੀ ਪੁਲਸ ਦੇ ਜੁਆਇੰਟ ਕਮਿਸ਼ਨਰ ਆਫ ਪੁਲਸ ਸੰਦੀਪ ਸ਼ਰਮਾ ਵੀ ਆਪਣੀ ਟੀਮ ਦੇ ਨਾਲ ਪਹੁੰਚ ਗਏ ਸਨ। ਗੈਸ ਲੀਕ ਹੋਣ ਮਗਰੋਂ ਕਾਰਖਾਨੇ ਵਿਚ ਮੌਜੂਦ ਕਰਮਚਾਰੀਆਂ ਨੂੰ ਸਾਹ ਲੈਣ 'ਚ ਦਿੱਕਤ ਆਉਣ ਲੱਗੀ ਅਤੇ ਅੱਖਾਂ 'ਚ ਜਲਣ ਹੋਣ ਲੱਗੀ ਸੀ। ਉਥੇ ਹੀ ਗੈਸ ਲੀਕ ਹੋਣ ਵਾਲਾ ਖੇਤਰ ਵੀ ਆਉਣ-ਜਾਣ ਲਈ ਮੌਕੇ ਉਤੇ ਬੰਦ ਕਰ ਦਿੱਤਾ ਗਿਆ ਹੈ। ਉਥੇ ਹੀ ਘਟਨਾ ਦੀ ਸੂਚਨਾ ਪਾ ਕੇ ਮੌਕੇ ਉਤੇ ਪੁਲਸ ਅਤੇ ਫਾਇਰ ਬ੍ਰਿਗੇਡ ਦੀ ਗੱਡੀ ਪਹੁੰਚ ਚੁੱਕੀ ਹੈ। ਅਧਿਕਾਰੀਆਂ ਵੱਲੋਂ ਘਟਨਾ ਸਥਾਨ ਦਾ ਜਾਇਜਾ ਲਿਆ ਜਾ ਰਿਹਾ ਹੈ। ਜਾਣਕਾਰੀ ਅਨੁਸਾਰ ਇਹ ਸਾਰੀ ਘਟਨਾ ਜਲੰਧਰ ਰੇਲਵੇ ਸਟੇਸਨ ਰੋਡ 'ਤੇ ਸਥਿਤ ਪ੍ਰਾਈਵੇਟ ਸਿਨੇਮਾ ਨੇੜੇ ਵਾਪਰੀ। ਪੁਲਸ ਨੇ ਰੇਲਵੇ ਸਟੇਸਨ, ਮੇਨ ਹੀਰਨ ਫਾਟਕ, ਹੈਨਰੀ ਪੈਟਰੋਲ ਪੰਪ ਅਤੇ ਦੋਮੋਰੀਆ ਪੁਲਸ ਸਟੇਸਨ ਨੂੰ ਜਾਣ ਵਾਲੀ ਸੜਕ ਨੂੰ ਬੰਦ ਕਰ ਦਿੱਤਾ ਹੈ। ਹਰ ਕੋਈ ਫਲਾਈਓਵਰ ਤੋਂ ਲੰਘ ਰਿਹਾ ਹੈ। ਇਸ ਦੇ ਨਾਲ ਹੀ ਗੈਸ ਦੀ ਬਦਬੂ ਦੂਰ-ਦੂਰ ਤੱਕ ਫੈਲਦੀ ਹੈ। ਲੋਕਾਂ ਨੇ ਦੱਸਿਆ ਕਿ ਇਹ ਘਟਨਾ ਦੁਪਹਿਰ ਕਰੀਬ 2 ਵਜੇ ਵਾਪਰੀ। ਫਿਲਹਾਲ ਪੂਰੇ ਮਾਮਲੇ ਦੀ ਜਾਂਚ ਲਈ ਫਾਇਰ ਬ੍ਰਿਗੇਡ ਦੀਆਂ ਟੀਮਾਂ ਪਹੁੰਚ ਗਈਆਂ ਹਨ। ਨਾਰਥ ਦੇ ਏ. ਸੀ. ਪੀ. ਡਾ. ਸੀਤਲ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਘਟਨਾ ਦੀ ਸੂਚਨਾ ਮਿਲ ਗਈ ਹੈ . ਉਨ੍ਹਾਂ ਕਿਹਾ ਕਿ ਉਹ ਘਟਨਾ ਵਾਲੀ ਥਾਂ 'ਤੇ ਪਹੁੰਚ ਕੇ ਮਾਮਲੇ ਦੀ ਜਾਂਚ ਕਰ ਰਹੇ ਹਨ।

ਲੋਕਾਂ ਦੇ ਸਭ ਮਸਲੇ ਹੱਲ ਕਰਨ ਲਈ ਹੀ ਸੱਤਾ 'ਚ ਆਈ 'ਆਪ' ਸਰਕਾਰ : ਕੁਲਦੀਪ ਧਾਲੀਵਾਲ

ਅੰਮ੍ਰਿਤਸਰ 22 ਸਤੰਬਰ। ਪੰਜਾਬ ਦੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੂੰ ਬੀਤੇ ਦਿਨ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਦਿਲਬਾਗ ਸਿੰਘ ਵਡਾਲੀ ਮਿਲੇ ਅਤੇ ਪਾਰਟੀ ਦੀ ਮਜਬੂਤੀ ਲਈ ਵਿਚਾਰਾਂ ਕੀਤੀਆਂ। ਇਸ ਮੌਕੇ ਦਿਲਬਾਗ ਸਿੰਘ ਵਡਾਲੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਪੰਜਾਬ ਸਰਕਾਰ ਦੀਆਂ ਸਭ ਸਹੂਲਤਾਂ ਹਰ ਵਰਗ ਦੇ ਲੋਕਾਂ ਤੱਕ ਪੱਖਪਾਤ ਰਹਿਤ ਪਹੁੰਚਾਈਆਂ ਜਾ ਰਹੀਆਂ ਹਨ। 'ਆਪ' ਸਰਕਾਰ ਦੇ ਰਾਜ 'ਚ ਲੋਕਾਂ ਦੇ ਬਿਨਾਂ ਖੱਜਲ-ਖੁਆਰੀ ਤੋਂ ਸਭ ਕੰਮ ਹੋ ਰਹੇ ਹਨ, ਜਿਸ ਸਦਕਾ ਲੋਕ ਸਰਕਾਰ ਦੀ ਕਾਰਗੁਜਾਰੀ ਤੋਂ ਬੇਹੱਦ ਖੁਸ਼ ਹਨ। ਉਨ੍ਹਾਂ ਕਿਹਾ ਕਿ

ਭਗਵੰਤ ਮਾਨ ਸਰਕਾਰ ਵਲੋਂ ਹਰੇਕ ਮਹੀਨੇ 300 ਯੂਨਿਟ ਫ੍ਰੀ ਬਿਜਲੀ ਦੇਣ ਨਾਲ ਪੰਜਾਬ ਵਾਸੀਆਂ ਨੂੰ ਵੱਡੀ ਰਾਹਤ ਮਿਲੀ ਹੈ ਕਿਉਕਿ ਪਹਿਲਾਂ ਤਾਂ ਆਮ ਲੋਕਾਂ ਦਾ ਬਿਜਲੀ ਦੇ ਬਿੱਲ ਭਰਨ 'ਚ ਹੀ ਘਰ ਦਾ ਬਜਟ ਹਿੱਲ ਜਾਂਦਾ ਸੀ। ਇਸ ਮੌਕੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਦਿਲਬਾਗ ਸਿੰਘ ਵਡਾਲੀ ਦੇ ਵਿਚਾਰਾਂ ਨੂੰ ਬੜੇ ਹੀ ਧਿਆਨ ਨਾਲ ਸੁਣਨ ਉਪਰੰਤ ਆਖਿਆ ਕਿ ਲੋਕਾਂ ਦੇ ਸਭ ਮਸਲੇ ਹੱਲ ਕਰਨ ਲਈ ਹੀ ਆਮ ਆਦਮੀ ਪਾਰਟੀ ਦੀ ਸਰਕਾਰ ਸਤਾ 'ਚ ਆਈ ਹੈ, ਪਾਰਟੀ ਦੇ ਸਮੂਹ ਆਗੂ ਤੇ ਵਰਕਰ ਤਕੜੇ ਹੋ ਕੇ ਲੋਕਾਂ ਦੀਆਂ ਮੁਸ਼ਕਲਾਂ ਹੱਲ ਕਰਵਾਉਣ ਜਿਥੇ ਕੋਈ ਪ੍ਰੇਸ਼ਾਨੀ ਆਉਂਦੀ ਹੈ ਮੈਨੂੰ ਦੱਸਿਆ ਜਾਵੇ ਮੈਂ ਹਰ ਪੱਖੋਂ ਮਦਦ ਕਰਾਂਗਾ।

ਪੰਜਾਬ ਦਾ ਇਹ ਮਸ਼ਹੂਰ ਟੋਲ ਪਲਾਜਾ ਹੋਇਆ ਫਰੀ, ਬਿਨਾਂ ਟੈਕਸ ਦਿੱਤੇ ਲੰਘ ਰਹੀਆਂ ਗੱਡੀਆਂ

ਅੰਮ੍ਰਿਤਸਰ 22 ਸਤੰਬਰ। ਕਿਸਾਨਾਂ ਵੱਲੋਂ ਪੰਜਾਬ ਦੇ ਮਸ਼ਹੂਰ ਮਾਨਾਂਵਾਲਾ ਟੋਲ ਪਲਾਜਾ 'ਤੇ ਧਰਨਾ ਲਗਾ ਕੇ ਫਰੀ ਕਰ ਦਿੱਤਾ ਗਿਆ। ਕਿਸਾਨਾਂ ਦਾ ਦੋਸ਼ ਹੈ ਕਿ ਟੋਲ ਪਲਾਜਾ ਦੇ ਮੁਲਾਜਮ ਨੇ ਕਿਸਾਨ ਨਾਲ ਬਦਸਲੂਕੀ ਕੀਤੀ ਅਤੇ ਕਿਸਾਨ ਦਾ ਮੋਬਾਇਲ ਖੋਹ ਲਿਆ। ਉਨ੍ਹਾ ਕਿਹਾ ਕਿ ਇਕ ਪਾਸੇ ਤਾਂ ਸਰਕਾਰ ਕਹਿੰਦੀ ਹੈ ਪਰਾਲੀਆਂ ਨੂੰ ਅੱਗ ਨਹੀਂ ਲਾਉਣੀ ਤਾਂ ਦੂਜੇ ਪਾਸੇ ਕਿਸਾਨ ਦੋ-ਦੋ ਹਜਾਰ ਰੁਪਿਆ ਦੇ ਕੇ ਜੇ ਪਰਾਲੀ ਚਕਵਾ ਕੇ ਫੈਕਟਰੀਆਂ ਵਿਚ ਭੇਜ ਰਹੇ ਹਨ ਤਾਂ ਟੋਲ ਪਲਾਜਾ ਵਾਲਿਆਂ ਵੱਲੋਂ ਟਰਾਲੀਆਂ ਨੂੰ ਰੋਕ ਕੇ ਉਨ੍ਹਾਂ ਕੋਲੋਂ ਟੋਲ ਮੰਗਿਆ ਜਾ ਰਿਹਾ ਹੈ। ਜੇਕਰ ਕੋਈ ਕਿਸਾਨ ਟੋਲ ਨਹੀਂ ਦਿੰਦਾ ਤਾਂ ਉਸ ਨਾਲ ਗੁੰਡਾਗਰਦੀ ਕੀਤੀ ਜਾਂਦੀ ਹੈ। ਕਿਸਾਨ ਆਗੂ ਦਾ ਕਹਿਣਾ ਹੈ ਕਿ ਡਿਪਟੀ ਕਮਿਸਨਰ ਵੱਲੋਂ ਨੋਟੀਫਿਕੇਸਨ ਜਾਰੀ ਕੀਤਾ ਗਿਆ ਹੈ ਕਿ ਕਿਸਾਨਾਂ ਨੂੰ ਕੋਈ ਟੋਲ ਨਹੀਂ ਲੱਗੇਗਾ ਪਰ ਇਸ ਦੇ ਬਾਵਜੂਦ ਟੋਲ ਪਲਾਜਾ ਵਾਲੇ ਜਾਣ ਬੁੱਝ ਕੇ ਕਿਸਾਨਾਂ ਨੂੰ ਖਰਾਬ ਕਰਕੇ ਧੱਕੇਸਾਹੀ ਕਰ ਰਹੇ ਹਨ ਜਿਸ ਦੇ ਚੱਲਦੇ ਅੱਜ ਸਵੇਰ ਤੋਂ ਹੀ ਕਿਸਾਨ ਜਥੇਬੰਦੀਆਂ ਵੱਲੋਂ ਟੋਲ ਪਲਾਜੇ 'ਤੇ ਧਰਨਾ ਲਗਾ ਕੇ ਇਸ ਨੂੰ ਬੰਦ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਡੀ. ਸੀ. ਦਫਤਰ ਤੋਂ ਪ੍ਰਸਾਸਨਿਕ ਅਧਿਕਾਰੀ ਪੁੱਜੇ ਹਨ ਅਤੇ ਉਨ੍ਹਾਂ ਵੱਲੋਂ ਟੋਲ ਪਲਾਜਾ ਵਾਲਿਆਂ ਨੂੰ ਨੋਟੀਫਿਕੇਸਨ ਵੀ ਦਿਖਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਡੀ. ਸੀ. ਦਫਤਰ ਦੇ ਅਧਿਕਾਰੀਆਂ ਨੇ ਕਿਹਾ ਕਿ ਨੋਟੀਫਿਕੇਸਨ ਪਹਿਲਾਂ ਹੀ ਟੋਲ ਪਲਾਜਾ ਵਾਲਿਆਂ ਨੂੰ ਭੇਜਿਆ ਗਿਆ ਹੈ ਪਰ ਟੋਲ ਪਲਾਜਾ ਦੇ ਮੁਲਾਜਮ ਜਾਣ ਬੁੱਝ ਕੇ ਕਿਸਾਨਾਂ ਨੂੰ ਤੰਗ ਪਰੇਸਾਨ ਕਰ ਰਹੇ ਹਨ। ਜਿਸ ਦੇ ਚੱਲਦੇ ਅੱਜ ਸਾਨੂੰ ਮਜਬੂਰਨ ਇੱਥੇ ਧਰਨਾ ਲਗਾ ਕੇ ਟੋਲ ਪਲਾਜਾ ਬੰਦ ਕਰਨਾ ਪਿਆ।

ਦਲ ਬਾਬਾ ਬਿਧੀ ਚੰਦ ਸੰਪ੍ਰਦਾ ਵੱਲੋਂ ਲਗਾਏ ਗਏ ਲੰਗਰਾਂ ਦੀ ਸ਼੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਸਮਾਪਤੀ

ਕਿਸ਼ਨ ਪਾਲ

ਜੈਤੋ, 22 ਸਤੰਬਰ। ਸ੍ਰੀ ਗੁਰੂ ਰਾਮਦਾਸ ਜੀ ਦੇ ਗੁਰਿਆਈ ਦਿਵਸ ਅਤੇ ਸ੍ਰੀ ਗੁਰੂ ਅਮਰਦਾਸ ਜੀ ਦੇ ਜੋਤੀ ਜੋਤਿ ਦਿਵਸ ਦੀ 450 ਸਾਲਾ ਸ਼ਤਾਬਦੀ ਮੌਕੇ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਸੰਗਤ ਦੀ ਵੱਡੀ ਆਮਦ ਦੇ ਮੱਦੇਨਜ਼ਰ ਵੱਖ-ਵੱਖ ਸਿੱਖ ਜਥੇਬੰਦੀਆਂ, ਸੰਪ੍ਰਦਾਵਾਂ ਅਤੇ ਸੰਗਤਾਂ ਵੱਲੋਂ ਲੰਗਰ ਲਗਾਏ ਗਏ ਸਨ। ਦਲ ਬਾਬਾ ਬਿਧੀ ਚੰਦ ਸੰਪ੍ਰਦਾ ਵੱਲੋਂ 1 ਸਤੰਬਰ ਤੋਂ ਲਗਾਏ ਗਏ ਲੰਗਰਾਂ ਦੀ ਸਮਾਪਤੀ ਅੱਜ ਸ਼ੁਕਰਾਨੇ ਵਜੋਂ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਕੀਤੀ ਗਈ। ਇਸ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ, ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਰਾਜਿੰਦਰ ਸਿੰਘ ਮਹਿਤਾ, ਬਾਬਾ ਅਵਤਾਰ ਸਿੰਘ ਸੁਰਸਿੰਘ, ਸ੍ਰੀ ਦਰਬਾਰ ਸਾਹਿਬ ਦੇ ਗ੍ਰੰਥੀ ਗਿਆਨੀ ਰਾਜਦੀਪ ਸਿੰਘ, ਗਿਆਨੀ ਬਲਜੀਤ ਸਿੰਘ, ਗਿਆਨੀ ਗੁਰਮਿੰਦਰ ਸਿੰਘ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਮਲਕੀਤ ਸਿੰਘ ਅਤੇ ਸ਼੍ਰੋਮਣੀ ਕਮੇਟੀ ਮੈਂਬਰ ਸ. ਗੁਰਬਚਨ ਸਿੰਘ ਕਰਮੂੰਵਾਲਾ ਸਮੇਤ ਪ੍ਰਮੁੱਖ ਸ਼ਖ਼ਸੀਅਤਾਂ ਨੇ ਹਾਜ਼ਰੀ ਭਰੀ। ਇਸ ਮੌਕੇ ਦਲ ਬਾਬਾ ਬਿਧੀ ਚੰਦ ਸੰਪ੍ਰਦਾ ਦੇ ਮੁਖੀ ਬਾਬਾ ਅਵਤਾਰ ਸਿੰਘ ਸੁਰਸਿੰਘ ਵਾਲਿਆਂ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਭਾਈ ਰਾਜਿੰਦਰ ਸਿੰਘ ਮਹਿਤਾ, ਸ. ਗੁਰਬਚਨ ਸਿੰਘ ਕਰਮੂੰਵਾਲਾ ਸਮੇਤ ਹੋਰਾਂ ਨੂੰ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਸਿੱਖ ਇਤਿਹਾਸ ਅੰਦਰ ਲੰਗਰ ਦੀ ਵੱਡੀ ਮਹੱਤਤਾ ਹੈ। ਗੁਰੂ ਸਾਹਿਬਾਨ ਨੇ ਪੰਗਤ ਤੇ ਸੰਗਤ ਦਾ ਸਿਧਾਂਤ ਦੇ ਕੇ ਉਚ-ਨੀਚ ਤੇ ਜਾਤ-ਪਾਤ ਦੇ ਭਿੰਨ ਭੇਦ ਨੂੰ ਦੂਰ

ਕੀਤਾ। ਉਨ੍ਹਾਂ ਸ਼ਤਾਬਦੀ ਸਮਾਗਮਾਂ ਮੌਕੇ ਲੰਗਰਾਂ ਦੀ ਸੇਵਾ ਕਰਨ ਵਾਲੀਆਂ ਸਮੂਹ ਜਥੇਬੰਦੀਆਂ ਵੱਲੋਂ ਨਿਭਾਈਆਂ ਸੇਵਾਵਾਂ ਦੀ ਸ਼ਲਾਘਾ ਕਰਦਿਆਂ ਧੰਨਵਾਦ ਵੀ ਕੀਤਾ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਸਾਬਕਾ ਸਕੱਤਰ ਸ. ਸੁਖਦੇਵ ਸਿੰਘ ਭੂਰਾਕੋਹਨਾ, ਗਿਆਨੀ ਪ੍ਰੇਮ ਸਿੰਘ, ਬਾਬਾ ਨਾਹਰ ਸਿੰਘ